ਅਸੀਂ ਸਭ ਜਾਣਦੇ ਹਾਂ ਕਿ ਕਿਸਾਨਾਂ ਦੀਆਂ ਨਿੱਤ ਦੀਆਂ ਮੰਗਾਂ ਦੁਆਲੇ ਲੰਬੇ ਸਮੇਂ ਤੋਂ ਚਲੇ ਆ ਰਹੇ ਧਰਨੇ ਮੁਜਾਹਰਿਆਂ ਤੋਂ ਵੱਖਰਾ ਜੇ ਮੌਜੂਦਾ ਸੰਘਰਸ਼ ਵਿਚ ਕੁਝ ਵੇਖਣ ਨੂੰ ਮਿਲਿਆ ਹੈ ਤਾਂ ਉਸ ਵਿਚ ਸਭ ਤੋਂ ਉੱਘੜਵਾਂ ਤੱਥ ਹੈ ਨੌਜਵਾਨਾਂ ਦੀ ਲਾ-ਮਿਸਾਲ ਸ਼ਮੂਲੀਅਤ। 26 ਜਨਵਰੀ ਨੂੰ ਇੱਕ ਵੱਡੇ ਹਿੱਸੇ ਵੱਲੋਂ ਤਹਿ ਰੂਟ ਦੀ ਬਜਾਏ ਲਾਲ ਕਿਲੇ ਵੱਲ ਚਲੇ ਜਾਣ ਅਤੇ ਉਸ ਤੋਂ ਬਾਅਦ ਹੋਈਆਂ ਘਟਨਾਵਾਂ ਬਾਰੇ ਸੰਘਰਸ਼ ਦੇ ਦੇਸ਼ਾਂ-ਵਿਦੇਸ਼ਾਂ ਵਿਚਲੇ ਇੱਕ ਜਿਕਰਯੋਗ ਹਿਮਾਇਤੀ ਹਿੱਸੇ ਨੇਂ ਸਪਸ਼ਟ ਮਤ ਬਣਾਉਣ ਦੀ ਬਜਾਏ ਆਪਣੀ ਗੱਲ ਕੁਝ ਇਸ ਤਰਾਂ ਪੇਸ਼ ਕੀਤੀ ਹੈ ਕਿ "ਕਿਸਾਨ ਲੀਡਰਸ਼ਿਪ ਉਂਜ ਤਾਂ ਬਹੁਤ ਸਿਆਣੀ ਹੈ ਲੇਕਿਨ ਇਸ ਨੂੰ ਨੌਜਵਾਨਾਂ ਦੀਆਂ ਭਾਵਨਾਵਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ" ਇਸ ਫਾਰਮੂਲੇਸ਼ਨ ਵਿਚ ਸੁਤੇ-ਸਿੱਧ ਹੀ ਇਹ ਸ਼ਾਮਿਲ ਹੈ ਕਿ ਨੌਜਵਾਨਾਂ ਦੀਆਂ ਮੌਜੂਦਾ ਸੰਘਰਸ਼ ਸਬੰਧੀ ਕੋਈ ਵਿਸ਼ੇਸ਼ 'ਭਾਵਨਾਂਵਾਂ' ਹਨ ਜੋ ਬਾਕੀਆਂ ਦੇ ਮਨਾਂ ਵਿਚ ਨਹੀਂ ਹਨ। ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਕੀ ਨੌਜਵਾਨਾਂ ਦੀਆਂ ਇਹ ਭਾਵਨਾਵਾਂ ਸੰਘਰਸ਼ ਵਿਚ ਉਤਰੇ ਬਾਕੀ ਸਭ ਹਿੱਸਿਆਂ ਦੀਆਂ ਭਾਵਨਾਵਾਂ ਨਾਲ ਟਕਰਾਵੀਆਂ ਹਨ?

ਭਾਵਨਾਵਾਂ ਦੇ ਦਰਿਆ ਤਾਂ ਪੰਜਾਬ, ਹਰਿਆਣਾ, ਯੂਪੀ, ਉਤਰਾਂਚਲ ਅਤੇ ਹੋਰਨਾਂ ਰਾਜਾਂ ਤੋਂ ਦਿੱਲੀ ਵੱਲ ਨੂੰ ਵਹਿ ਰਹੇ ਹਨ ਅਤੇ ਲੋਕਾਈ ਦਾ ਇਹ ਸਮੁੰਦਰ ਹੈ ਜੋ ਉਨ੍ਹਾਂ ਦੇ ਚੜ੍ਹਾਅ ਅਤੇ ਉਤਰਾਅ ਨਾਲ ਹੀ ਫੈਲਦਾ ਤੇ ਸੁੰਗੜਦਾ ਹੈ। ਇਸ ਵਿਚ ਘਰਾਂ ਨੂੰ ਕੁੰਡਾ ਮਾਰ ਕੇ ਪਿੰਡੋਂ ਆਉਂਦੀ ਟਰਾਲੀ ਤੇ ਚੜ੍ਹ ਆਏ ਬਜ਼ੁਰਗ ਵੀ ਹਨ, ਮੋਟਰ ਸਾਈਕਲ ਤੇ ਸਿੰਘਣੀ ਅਤੇ ਦੋਵੇਂ ਧੀਆਂ ਨੂੰ ਬਿਠਾ ਕੇ ਚਾਰ ਸੌ ਕਿਲੋ ਮੀਟਰ ਗਾਹ ਆਏ ਨੌਜਵਾਨ ਜੋੜੇ ਵੀ ਹਨ ਅਤੇ ਇੱਕ ਟਰੈਕਟਰ ਪਿੱਛੇ ਦੋ ਦੋ ਟਰਾਲੀਆਂ ਪਾ ਕੇ ਜੌਹਰ ਦਿਖਾਉਂਦੇ ਆਏ ਗੱਭਰੂ ਵੀ ਹਨ। ਬਿਨਾਂ ਭਾਵਨਾਵਾਂ ਤੋਂ ਕੋਈ ਨਹੀਂ ਆਇਆ। ਨੌਜਵਾਨਾਂ ਦੀਆਂ ਵਿਸ਼ੇਸ਼ ਭਾਵਨਾਵਾਂ ਇਹ ਜਰੂਰ ਹਨ ਕਿ ਔਖੇ ਤੇ ਜੋਖਮ ਭਰੇ ਕੰਮ, ਜਿਵੇਂ ਰਾਤ ਦਾ ਪਹਿਰਾ, ਬੈਰੀਕੇਡ ਹਟਾਉਣ ਵਿਚ ਉਹ ਸਿਆਣੇ ਸਰੀਰਾਂ ਨਾਲੋਂ ਮੂਹਰੇ ਰਹਿੰਦੇ ਹਨ। ਰਹਿਣ ਵੀ ਕਿਓਂ ਨਾ? ਤੇ ਸੱਚ ਤਾਂ ਇਹ ਹੈ ਕਿ ਰਾਤ ਨੂੰ ਇੱਕ ਗੇੜਾ ਕਿਸੇ ਵੀ ਬਾਡਰ ਤੇ ਮਾਰ ਕੇ ਵੇਖਿਆਂ ਹੀ ਸਪਸ਼ਟ ਹੋ ਜਾਵੇਗਾ ਕਿ ਨੌਜਵਾਨਾਂ ਦੀਆਂ ਇਨ੍ਹਾਂ ਭਾਵਨਾਂਵਾਂ ਦਾ ਭਰਪੂਰ ਪ੍ਰਗਟਾਵਾ ਹੋ ਰਿਹਾ ਹੈ। ਫਿਰ ਉਹ ਕਿਹੜੇ ਮੌਕੇ ਹਨ ਜਿਸ ਵਿਚ ਭਾਵਨਾਵਾਂ ਦਾ ਖਿਆਲ ਨਾ ਰੱਖੇ ਜਾਣ ਦੀ ਸ਼ਿਕਾਇਤ ਆ ਰਹੀ ਹੈ ? ਉਹ ਹਨ ਲੀਡਰਸ਼ਿਪ ਵੱਲੋਂ ਸੰਘਰਸ਼ ਦੇ ਐਕਸ਼ਨਾਂ ਸਬੰਧੀ ਲਏ ਜਾਂਦੇ ਫੈਸਲੇ! ਸਗੋਂ ਲੇਖਕ ਸਭ ਨੂੰ ਅਪੀਲ ਕਰਦਾ ਹੈ ਕਿ ਆਓ! ਇਨ੍ਹਾਂ ਫੈਸਲਿਆਂ ਨੂੰ ਕਿਸੇ ਵੀ ਭਾਵਨਾਂ ਤੋਂ ਅਜਾਦ, ਠੋਸ/ਵਸਤੂਗਤ ਹਾਲਤਾਂ ਦੇ ਠੋਸ ਵਿਸ਼ਲੇਸ਼ਣ ਤੇ ਟਿਕੇ ਰਹਿਣ ਦਈਏ! ਸਗੋਂ ਹੋ ਚੁੱਕੇ ਫੈਸਲਿਆਂ ਦੇ ਸਹੀ ਅਤੇ ਗ਼ਲਤ ਹੋਣ ਸਬੰਧੀ ਸਭ ਮੁਲਾਂਕਣ ਅਤੇ ਅਗਲੇ ਆਉਣ ਵਾਲੇ ਫੈਸਲਿਆਂ ਸਬੰਧੀ ਸਭ ਸੁਝਾਅ ਵੀ, ਇਸੇ ਠੋਸ ਪੈਮਾਨੇ ਤੇ ਦਈਏ। ਫੇਸਬੁੱਕ ਉਪਰਲੀ ਚਰਚਾ ਵਿਚ ਜਿਸਨੂੰ ਨੌਜਵਾਨਾਂ ਦੀਆਂ ਭਾਵਨਾਵਾਂ ਦਾ ਨਾਂ ਦਿੱਤਾ ਜਾ ਰਿਹਾ ਹੈ ਉਹ ਅਸਲ ਵਿੱਚ ਸੰਘਰਸ਼ ਦੇ ਇੱਕ ਨਿੱਕੇ ਹਿੱਸੇ ਵੱਲੋਂ ਤੁਰਤ-ਫੁਰਤ, ਮੌਕਾ-ਬੇਮੌਕਾ ਆਰ-ਪਾਰ ਦੀ ਲੜਾਈ ਦੇ ਫੈਸਲੇ ਲੈਣ ਦੀ ਆਪਮੁਹਾਰੀ ਤੱਦੀ ਹੈ ਜਦੋਂ ਕਿ ਬਹੁਗਿਣਤੀ, ਸੰਯੁਕਤ ਕਿਸਾਨ ਆਗੂਆਂ ਵੱਲੋਂ ਤੈਅ ਢੰਗ ਤਰੀਕਿਆਂ ਨੂੰ ਵਧੇਰੇ ਕਾਰਗਾਰ ਸਮਝ ਰਹੀ ਹੈ।

ਦੂਜਾ ਪ੍ਰਮੁੱਖ ਨੁਕਤਾ ਹੈ ਸੰਘਰਸ਼ਸ਼ੀਲ ਤਾਕਤਾਂ ਦੇ ਏਕੇ ਦਾ ਸਵਾਲ। ਸੱਚ ਤਾਂ ਇਹ ਹੈ ਕਿ ਲੋਕਾਈ ਦੇ ਵਿਸ਼ਾਲ ਏਕੇ ਦੇ ਸਦਕਾ ਹੀ ਇਹ ਸੰਘਰਸ਼ ਮਹੀਨਿਆਂ ਬਧੀ ਟਿਕਿਆ ਹੋਇਆ ਹੈ ਅਤੇ ਸਾਲਾਂ ਬਧੀ ਚੱਲਣ ਦਾ ਦਮ ਰੱਖਦਾ ਹੈ। ਲੇਕਿਨ ਫਿਰ ਵੀ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਕਿਸਾਨ ਲੀਡਰਸ਼ਿਪ ਨੂੰ 'ਹੋਰਨਾਂ' ਹਿੱਸਿਆਂ ਨੂੰ ਵੀ ਨਾਲ ਲੈ ਕੇ, ਉਨ੍ਹਾਂ ਨਾਲ ਏਕਾ ਕਰ ਕੇ ਚਲਣਾ ਚਾਹੀਦਾ ਹੈ। ਉਪਰਲੇ ਨੁਕਤੇ ਵਾਂਗ ਇਹ ਸਵਾਲ ਵੀ ਉਨ੍ਹਾਂ ਲੋਕਾਂ ਵੱਲੋਂ ਉਠਾਇਆ ਜਾ ਰਿਹਾ ਹੈ ਜੋ ਇੱਕ ਪਾਸੇ ਕਿਸਾਨ ਲੀਡਰਸ਼ਿਪ ਵੱਲੋਂ 26 ਜਨਵਰੀ ਨੂੰ ਪਰੇਡ ਲਈ ਲਏ ਗਏ ਪੰਜ ਰੂਟਾਂ ਤੇ ਪੁਰਅਮਨ ਪਰੇਡ ਕਰਨ ਦੇ ਫੈਸਲੇ ਨੂੰ ਵੀ ਸਹੀ ਮੰਨਦੇ ਹਨ ਅਤੇ ਦੂਜੇ ਪਾਸੇ ਕੁਝ ਵਿਅਕਤੀਆਂ ਵੱਲੋਂ ਲਾਲ ਕਿਲੇ ਵੱਲ ਕੀਤੇ ਕੂਚ ਨੂੰ ਵੀ "ਚੱਲ ਕੋਈ ਗੱਲ ਨੀ" ਕਹਿ ਕੇ ਛੱਡ ਦੇਣਾ ਚਾਹੁੰਦੇ ਹਨ। ਇਨ੍ਹਾਂ ਸੁਹਿਰਦ ਸਮਰਥਕਾਂ ਨੂੰ ਜੇਕਰ ਇੱਕ ਸਵਾਲ ਕੀਤਾ ਜਾਵੇ ਕਿ ਏਕਾ ਕਿਨ੍ਹਾਂ ਦਰਮਿਆਨ? ਜਵਾਬ ਹੋਵੇਗਾ ਦੀਪ, ਲੱਖਾ ਅਤੇ ਪੰਧੇਰ ਆਦਿ ਨਾਲ ਸੰਯੁਕਤ ਮੋਰਚੇ ਦਾ ਏਕਾ। ਹਾਲਾਂਕਿ ਇਸ ਮਸਲੇ ਤੇ - ਤਲਖ਼ ਤੋਂ ਲੈ ਕੇ ਸੁਹਿਰਦ - ਸਭ ਤਰ੍ਹਾਂ ਦੀਆਂ ਰਾਅਵਾਂ ਹਨ ਲੇਕਿਨ ਇਸ ਦਾ ਸਭ ਤੋਂ ਵੱਧ ਪ੍ਰਮਾਣਿਤ ਰੂਪ ਇਸ ਦਲੀਲ ਵਿਚ ਹੈ ਕਿ ਜਦੋਂ ਨਿਸ਼ਾਨਾ ਇੱਕ ਹੈ ਤਾਂ ਏਕਾ ਬਣਨਾ ਹੀ ਚਾਹੀਦਾ ਹੈ ਲੇਕਿਨ ਰਸਤੇ ਦੋ ਹੋਣ ਕਾਰਨ ਅਜਿਹਾ ਨਹੀਂ ਹੋ ਰਿਹਾ।



ਦੋ ਰਾਹ ਕੀ ਹਨ? ਸਾਂਝੇ ਮੋਰਚੇ ਦੀ ਭਾਰੂ ਸਮਝਦਾਰੀ ਦਾ ਇਹ ਮੰਨਣਾ ਹੈ ਕਿ ਹੁਣ ਤੱਕ ਦੇ ਸੰਘਰਸ਼ ਨੇ ਵਿਖਾ ਦਿੱਤਾ ਹੈ ਕਿ ਘੋਲ ਦੇ ਜਾਬਤਾਬੱਧ ਹੋਣ, ਲੋਕਾਈ ਦੀ ਵਿਸ਼ਾਲ ਭਾਗੀਦਾਰੀ ਹੋਣ ਅਤੇ ਲੋਕ ਰਾਇ ਦੇ ਕਦਮ ਦਰ ਕਦਮ ਵਧਣ, ਸਮਰਥਕ ਘੇਰੇ ਦੇ ਵਿਸ਼ਾਲ ਦਰ ਵਿਸ਼ਾਲ ਹੁੰਦੇ ਚਲੇ ਜਾਣ ਦੇ ਬੁਨਿਆਦੀ ਅਧਾਰ ਕੀ ਹਨ। ਇਹ ਹਨ ਇਸ ਘੋਲ ਦਾ ਪੁਰ-ਅਮਨ ਹੋਣਾ ਅਤੇ ਲੰਬਾ ਅਤੇ ਲਮਕਵਾਂ ਹੋਣਾ। ਸੋ ਇਹ ਸਮਝਦੇ ਹਨ ਕਿ ਸੰਘਰਸ਼ ਨੂੰ ਇਸੇ ਤਰਾਂ ਟਿਕਾਈ ਰੱਖਣਾ ਅਤੇ ਓਦੋਂ ਤੱਕ ਟਿਕਾਈ ਰੱਖਣਾ ਜਦੋਂ ਤੱਕ ਵਧਦਾ ਸਮਰਥਨ ਅਤੇ ਮੋਦੀ ਸਰਕਾਰ ਦੀ ਦੇਸ਼-ਵਿਦੇਸ਼ ਵਿਚ ਵੱਧਦੀ ਅਲਾਇਹਦਗੀ ਉਸ ਨੂੰਕ਼ਾਨੂਨ ਵਾਪਿਸ ਲੈ ਲੈਣ ਲਈ ਮਜਬੂਰ ਨਹੀਂ ਕਰ ਦਿੰਦੇ।

ਦੂਜੇ ਰਾਹ ਦੀ ਵਕਾਲਤ ਕਰਨ ਵਾਲੇ ਲੋਕ ਕਹਿੰਦੇ ਹਨ ਕਿ ਇਥੇ ਬੈਠੇ ਰਹਿਣ ਨਾਲ ਕੀ ਹੋਵੇਗਾ? ਹੁਣ ਤੱਕ ਮਿਲ ਚੁੱਕਿਆ ਜਨ ਸਮਰਥਨ ਇਸ ਗੱਲ ਲਈ ਕਾਫੀ ਹੈ ਕਿ ਹੁਣ ਕੋਈ ਵਿਸ਼ੇਸ਼ ਮੌਕਾ ਚੁਣ ਕੇ ਆਰ-ਪਾਰ ਦਾ ਹੱਲਾ ਬੋਲਿਆ ਜਾਵੇ। ਉਨ੍ਹਾਂ ਦਾ ਮੰਨਣਾ ਹੈ ਕਿ ਉਸ ਹੱਲੇ ਦੇ ਦਬਾਅ ਹੇਠ ਸਰਕਾਰ ਨੂੰ ਝੁਕਾਇਆ ਜਾ ਸਕਦਾ ਹੈ। 26 ਜਨਵਰੀ ਉਨ੍ਹਾਂ ਨੂੰ ਅਜਿਹਾ ਹੀ ਇੱਕ ਮੌਕਾਜਾਪਦਾ ਸੀ। ਦੂਜੇ ਪਾਸੇ ਲੋਕਾਈ ਵੱਲੋਂ ਮਿਲ ਰਹੇ ਸਮਰਥਨ ਦੇ ਕਾਰਨਾਂ ਨੂੰ ਇਨ੍ਹਾਂ ਦਾ ਬਹੁਤਾ ਹਿੱਸਾ 'ਅਕਾਲ ਪੁਰਖ ਨੇ ਕਲਾ ਵਰਤਾਈ' ਦੇ ਸਰਵਪ੍ਰਮਾਣਿਤ ਲਕਬ ਵਿਚ ਸਮੇਟ ਕੇ ਹੀ ਤਸੱਲੀ ਕਰਵਾਉਣਾ ਠੀਕ ਸਮਝਦਾ ਹੈ।

ਇਹ ਦੋ ਰਾਹ ਅਜਿਹੇ ਹਨ ਕਿ ਕੋਈ ਵੀ ਮੋਰਚਾ ਇੱਕੋ ਸਮੇਂ ਦੋਹਾਂ ਤੇ ਨਹੀਂ ਚੱਲ ਸਕਦਾ। ਇਨ੍ਹਾਂ ਦੋ ਰਾਹਾਂ ਤੇ ਅਮਲ ਕਰਨ ਵਾਲੇ ਦੋ ਹਿੱਸੇ ਹਮੇਸ਼ਾ ਰਹਿਣਗੇ। ਇਸ ਲਈ, ਮੌਜੂਦਾ ਸੰਘਰਸ਼ ਵਿਚ 'ਏਕਾ' ਕੋਈ ਮਕਾਨਕੀ ਏਕਾ ਨਹੀਂ ਸਗੋਂ ਪੂਰੇ ਵਿਵੇਕ ਨਾਲ ਸੰਘਰਸ਼ ਦੇ ਢੰਗ ਤਰੀਕਿਆਂ ਦੀ ਚੋਣ ਅਤੇ ਅਮਲ ਦਾ ਮੁਲਾਂਕਣ ਕਰਨ ਨਾਲ ਹੋਵੇਗਾ। ਸਗੋਂ ਮਕਾਨਕੀ ਏਕਾ ਸਾਨੂੰ ਕਿਥੇ ਪਹੁੰਚਾ ਸਕਦਾ ਹੈ, ਇਹ 26 ਤਰੀਕ ਤੋਂ ਪਹਿਲੀ ਸ਼ਾਮ ਇੱਕ ਗੁੱਟ ਵੱਲੋਂ ਸਟੇਜ ਤੇ ਕਬਜਾ ਅਤੇ ਫਿਰ ਅਗਲੇ ਦਿਨ ਹੋਈਆਂ ਘਟਨਾਵਾਂ ਦੇ ਰੂਪ ਵਿਚ ਸਾਹਮਣੇ ਆਉਂਦਾ ਰਹੇਗਾ। ਜਰਾ ਸੋਚ ਕੇ ਦੇਖੋ ਅਗਰ ਲਾਲ ਕਿਲੇ ਵੱਲ ਜਾਣ ਦੀ ਕੋਸ਼ਿਸ਼ ਸਾਂਝੇ ਮੋਰਚੇ ਦੇ ਪ੍ਰੋਗਰਾਮ ਵਾਲੇ ਦਿਨ ਦੀ ਬਜਾਏ ਕਿਸੇ ਹੋਰ ਦਿਨ ਸੁਤੰਤਰ ਰੂਪ ਵਿਚ ਕੀਤੀ ਗਈ ਹੁੰਦੀ ਤਾਂ ਕੀ ਸਾਰੇ ਘੋਲ ਨੂੰ ਫਿਰ ਵੀ ਅਜਿਹੀ ਹੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਜੋ 26 ਤੋਂ ਬਾਅਦ ਕੁਝ ਦਿਨਾਂ ਲਈ ਕਰਨਾ ਪਿਆ ਸੀ? ਸ਼ਾਇਦ ਨਹੀਂ। ਮੌਜੂਦਾ ਲੀਡਰਸ਼ਿਪ ਨੂੰ ਲੱਗਦਾ ਹੈ ਕਿ ਵਧੇਰੇ ਤੋਂ ਵਧੇਰੇ ਲੋਕਾਈ ਦਾ ਪੁਰਅਮਨ, ਜਾਬਤਾਬੱਧ ਲੰਬੀ ਲੜਾਈ ਲਈ ਲੋੜੀਂਦਾ ਠਰੰਮਾ, ਦ੍ਰਿੜਤਾ ਅਤੇ ਦਲੇਰੀ ਹਿਰਦਿਆਂ ਵਿਚ ਲੈਕੇ ਮੋਰਚਿਆਂ ਤੇ ਟਿਕੇ ਰਹਿਣਾ ਹੀ ਅੱਜ ਦਾ ਸਹੀ ਪੈਂਤੜਾ ਹੈ। ਇਸ ਤੇ ਚਲਦਿਆਂ ਅਸੀਂ ਹੁਣ ਤੱਕ ਅੱਗੇ ਵਧੇ ਹਾਂ ਅਤੇ ਜਿੱਤ ਵੀ ਯਕੀਨਨ ਸਾਡੀ ਹੋਵੇਗੀ, ਸਰਕਾਰ ਨੂੰ ਝੁਕਣਾ ਹੀ ਪਵੇਗਾ।

ਵੱਖਰੇ ਰਾਹ ਦੀ ਮੁੱਦਈ ਧਿਰ ਕਿਸਾਨੀ ਸੰਘਰਸ਼ ਦੀ ਵੱਖਰੀ ਪਰਿਭਾਸ਼ਾ ਵੀ ਪੇਸ਼ ਕਰਦੀ ਹੈ। ਉਹ ਮੌਜੂਦਾ ਸੰਘਰਸ਼ ਨੂੰ 'ਹੋਂਦ' ਦੇ ਸੰਘਰਸ਼ ਵਜੋਂ ਪੇਸ਼ ਕਰਦੀ ਹੈ. ਪੰਜਾਬ ਦੀ ਜਾਂ ਸਿਖਾਂ ਦੀ ਹੋਂਦ ਨੂੰ ਖਤਰੇ ਵਿਚ ਦੱਸ ਕੇ ਇਹ ਧਿਰ ਮੌਜੂਦਾ ਸੰਘਰਸ਼ ਨੂੰ ਪਹਿਲਾਂ ਤੋਂ ਅਣਸੁਲਝੇ ਪਏ ਦੇਸ਼ ਅੰਦਰਲੇ ਕੌਮੀਅਤਾਂ ਅਤੇ ਘੱਟ ਗਿਣਤੀਆਂ ਸਬੰਧੀ ਸਿਆਸੀ ਸਵਾਲ ਦੇ ਦੁਆਲੇ ਹੀ ਸੀਮਿਤ ਕਰ ਦੇਣਾ ਚਾਹੁੰਦੀ ਹੈ. ਦੂਜੇ ਪਾਸੇ ਸੰਯੁਕਤ ਕਿਸਾਨ ਲੀਡਰਸ਼ਿਪ ਇਸ ਸੰਘਰਸ਼ ਨੂੰ ਕਾਰਪੋਰੇਟ ਪ੍ਰਸਤ ਸਰਕਾਰ ਵੱਲੋਂ ਸੰਸਾਰ ਪੱਧਰ ਦੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ, ਖੇਤੀ ਖੇਤਰ ਦੇ ਦਰਵਾਜੇ ਮੁਨਾਫ਼ੇਖੋਰੀ ਲਈ ਖੋਹਲ ਦੇਣ ਦੇ ਖਿਲਾਫ ਉੱਠੇ ਲੋਕ ਸੰਘਰਸ਼ ਵਜੋਂ ਵੇਖਦੀ ਹੈ। ਇਹ ਫੈਡਰਲ ਢਾਂਚੇ ਦੇ ਉਲੰਘਣ 'ਤੇ ਮੋਦੀ ਸਰਕਾਰ ਦੀ ਕ਼ਾਨੂਨ ਸਾਜੀ ਦੇ ਇੱਕ ਉੱਘੜਵੇਂ ਪਹਿਲੂ ਵਜੋਂ ਉਂਗਲ ਧਰਦੀ ਹੈ। ਸੋ ਕੁਝ ਵਿਅਕਤੀਆਂ ਜਾਂ ਧਿਰਾਂ ਨਾਲ ਮਕਾਨਕੀ ਅਤੇ ਸਤਹੀ ਏਕਾ ਨਹੀਂ ਸਗੋਂ ਗ਼ਲਤ ਜਾਂ ਅਧੂਰੀਆਂ ਸਮਝਦਾਰੀਆਂ ਅਤੇ ਰਾਹਾਂ ਦਾ ਨਿਖੇੜਾ ਅਤੇ ਲੋਕਾਈ ਦਾ ਵਿਸ਼ਾਲ ਏਕਾ ਹੀ ਅੱਗੇ ਵਧਣ ਦਾ ਰਾਸਤਾ ਹੈ।

## ਜਵਾਕ ਤਾਂ ਝੂਠ ਨਹੀਂ ਬੋਲਦੇ!

**ਅਮਨਦੀਪ ਕੌਰ ਖੀਵਾ**

ਸਿੰਘੂ ਬਾਰਡਰ ਦੇ ਆਸ ਪਾਸ ਬਸਤੀਆਂ ਚ ਰਹਿਣ ਵਾਲੇ ਮਜ਼ਦੂਰਾਂ ਦੇ ਜਵਾਕ ਸਾਡਾ ਕਿਤਾਬਾਂ ਵਾਲਾ ਟੈਂਟ, 'ਠੇਕਾ ਕਿਤਾਬ' ਲਾਇਬ੍ਰੇਰੀ, ਵੇਖ ਕੇ ਭੱਜੇ ਆਏ "ਦੀਦੀ ਆਪ ਪੜ੍ਹਾਉਗੇ ਹਮੇਂ?" ਹੁੰਗਾਰਾ ਭਰਨ 'ਤੇ ਦੂਜੇ ਹੀ ਦਿਨ ਤੋਂ ਟੋਲੀਆਂ ਬੰਨ ਕੇ ਆਉਣ ਲੱਗ ਪਏ।

ਉਹਨਾਂ ਨਾਲ ਮੁੱਢਲੀ ਜਾਣ ਪਹਿਚਾਣ ਦੇ ਦੌਰਾਨ ਜਦ ਮੈਂ ਓਹਨਾਂ ਦੇ ਨਾਮ ਪੁੱਛੇ ਤਾਂ ਇੰਜ ਲੱਗਿਆ ਜਿਵੇਂ ਮੁਸਲਮਾਨਾਂ ਦੇ ਬੱਚੇ ਹੋਣ। ਪੁੱਛੇ ਜਾਣ 'ਤੇ ਦੋ ਜਣਿਆਂ ਨੇ ਮੇਰੇ ਅੰਦਾਜ਼ੇ 'ਤੇ ਸਹੀ ਲਾਈ। ਇਜਾਜ, ਅਹਿਮਦ, ਮਾਲਾ, ਰੀਹਾਨ.....। ਇੱਕ ਜਵਾਕ ਬੋਲਿਆ "ਨਹੀਂ, ਹੱਮ ਤੋ ਹਿੰਦੂ ਹੈਂ..." ਨਾਲ ਵਾਲੇ ਬੱਚੇ ਬੋਲੇ "ਦੀਦੀ ਯੇ ਝੂਠ ਬੋਲਤਾ ਹੈ, ਹੱਮ ਲੋਗ ਮੁਸਲਿਮ ਹੀ ਹੈਂ, ਇਸਕੋ ਪੂਛੋ ਅਗਰ ਮੁਸਲਿਮ ਨਹੀਂ ਤੋ ਹੱਮ ਲੋਗ ਈਦ ਮਨਾਨੇ ਕਿਉਂ ਜਾਤੇ ਹੈਂ ਗਾਓਂ ਮੇਂ?" "ਦੀਦੀ ਇਸਕੋ ਨਾ ਸ਼ਰਮ ਆਤੀ ਹੈ ਬਤਾਨੇ ਮੇਂ, ਕਿ ਹੱਮ ਮੁਸਲਿਮ ਹੈਂ..." ਮੈਂ ਇਹ ਸੁਣਕੇ ਪ੍ਰੇਸ਼ਾਨ ਹੋ ਗਈ? ਮੈਨੂੰ ਸਮਝ ਨਾ ਆਵੇ ਕਿ ਕਿਉਂ ਇੱਕ ਧਰਮ ਨੂੰ ਮੰਨਣ ਲਈ ਛੋਟੇ ਛੋਟੇ ਜਵਾਕਾਂ ਨੂੰ ਸ਼ਰਮ ਮਹਿਸੂਸ ਹੋ ਰਹੀ ਹੈ। ਦੂਜਾ ਜਵਾਕ ਬੋਲਿਆ, "ਦੀਦੀ, ਹਮਨੇ ਟੀਵੀ ਮੇਂ ਦੇਖਾ ਮੁਸਲਿਮ ਕੋ ਨਾ ਭੀੜ ਮਾਰ ਦੇਤੀ ਹੈ, ਇਸ ਲੀਏ ਯੇ ਡਰਤਾ ਹੈ..." ਇਹ ਸਾਡੀਆਂ ਆਉਣ ਵਾਲੀਆਂ ਨਸਲਾਂ ਨੇ। ਇਹ ਭਾਰਤ ਦੀ ਗਰਕੀ ਹੋਈ ਤਸਵੀਰ ਦਾ ਸੱਚ ਹੈ।

ਇੱਕ ਨਿਆਣਾ ਭੋਲਾ ਮੂੰਹ ਬਣਾਕੇ ਬੋਲਿਆ, "ਦੀਦੀ ਆਪ ਲੋਗ ਤੋ ਸੜਕ ਪੇ ਰਹਿ ਕਰ ਭੀ ਇਤਨਾ ਅੱਛਾ ਖਾਨਾ ਖਾ ਰਹੇ ਹੋ। ਹਮੇਂ ਤੋ ਘਰ ਮੇਂ ਭੀ ਨਹੀਂ ਮਿਲਤਾ..." ਮੇਰੇ ਕੋਲ ਇਸ ਸੁਵਾਲ ਦਾ ਕੋਈ ਜਵਾਬ ਨਹੀਂ ਸੀ। ਬੱਸ ਇੰਨਾਂ ਹੀ ਕਿਹਾ ਕਿ ਤੁਹਾਨੂੰ ਵੀ ਅੱਛਾ ਖਾਣਾ ਮਿਲੇ ਇਸ ਕਰਕੇ ਹੀ ਅਸੀਂ ਟਰਾਲੀਆਂ 'ਤੇ ਚੜ੍ਹਕੇ ਮੋਦੀ ਨਾਲ ਲੜਨ ਆਏ ਹਾਂ। ਜਵਾਕ ਖੁਸ਼ ਹੋ ਜਾਂਦੇ ਹਨ।

ਇੱਕ ਜਵਾਕੜੀ ਨੇ ਮੂੰਹ ਜਾ ਮਸੋਸ ਕੇ ਦੱਸਿਆ ਕਿ ਲਾਕਡਾਊਨ ਚ ਉਹਨਾਂ ਦੇ ਸਾਰੇ ਚੌਲ ਖਤਮ ਹੋ ਗਏ ਸਨ।ਦੂਜੀ ਦੱਸਦੀ ਹੈ ਕਿ ਉਹ ਆਪਣੇ ਪਿੰਡ ਚਲ਼ੇ ਗਏ ਸੀ ਕਿਉਂਕਿ ਸਾਰੀਆਂ ਫੈਕਟਰੀਆਂ ਬੰਦ ਹੋ ਗਈਆਂ ਸਨ। 5 ਸਾਲਾਂ ਦੀ ਪ੍ਰਿਯਾ ਦੱਸਦੀ ਹੈ ਕਿ ਉਹਦਾ ਅਧਾਰ ਕਾਰਡ ਪਿੰਡ ਹੀ ਰਹਿ ਗਿਆ। ਨਵਾਂ ਬਣਾਉਣ ਦੇ 500 ਰੁਪਏ ਮੰਗਦੇ ਹਨ ਪਰ ਓਹਨਾਂ ਕੋਲ ਐਨੇ ਪੈਸੇ ਹੈ ਨਹੀਂ ਇਸ ਕਰਕੇ ਉਸਨੂੰ ਇਸ ਸਾਲ ਸਕੂਲ ਦਾਖਲਾ ਨਹੀਂ ਮਿਲਿਆ।

ਬਿਸਲੇਰੀ ਦੀ ਬੋਤਲ ਵਿੱਚ ਦੁੱਧ ਪਾਕੇ, ਜਿਹੜਾ ਕਿ ਮੋਰਚੇ 'ਚ ਲੱਗੇ ਲੰਗਰ ਵਿੱਚੋਂ ਪਵਾਇਆ ਸੀ, ਖੁਸ਼ਬੂ ਨਾਮ ਦੀ 8 ਸਾਲਾਂ ਦੀ ਕੁੜੀ ਆਪਣੀ ਇੱਕ ਸਾਲ ਦੀ ਭੈਣ ਦੇ ਮੂੰਹ ਨੂੰ ਲਾਉਂਦੀ ਹੋਈ ਬੋਲੀ, "ਦੀਦੀ ਅਗਰ ਸਰਦਾਰ ਲੋਗ ਚਲ਼ੇ ਗਏ ਤੋ ਸਭ ਸੂਨਾ ਹੋ ਜਾਏਗਾ।" ਗਾਉਣ ਦਾ ਸ਼ੌਂਕ ਰੱਖਦੇ ਪਵਨ ਕੁਮਾਰ ਬੋਲਿਆ, "ਦੀਦੀ, ਯੇ ਮੋਦੀ ਗਰੀਬ ਲੋਗੋਂ ਕੋ ਬੀ ਮਾਰਨਾ ਚਾਹਤਾ ਹੈ, ਇਸ ਲੀਏ ਹੱਮ ਬੀ ਇਸਕੋ ਪਸੰਦ ਨਹੀਂ ਕਰਤੇ ਔਰ ਹਮਨੇ ਬੀ ਨਾਅਰੇ ਲਗਾਨੇ ਸੀਖ ਲੀਏ ਹੈਂ।" ਇਹ ਗੱਲ ਚੱਲਦੇ ਚੱਲਦੇ ਇੱਕ ਮੁੰਡਿਆਂ ਦੀ ਟੋਲੀ ਨਾਅਰੇ ਲਾਉਂਦੀ ਲੰਘਦੀ ਹੈ ਅਤੇ ਜਵਾਕ ਜ਼ੋਰ ਦੀ ਜਵਾਬ ਦਿੰਦੇ ਹਨ, "ਮੋਦੀ ਸਰਕਾਰ, ਮੁਰਦਾਬਾਦ!" "ਕਿਸਾਨ ਮਜ਼ਦੂਰ ਏਕਤਾ, ਜ਼ਿੰਦਾਬਾਦ!"

ਦੋ ਕੁ ਘੰਟਿਆਂ ਬਾਅਦ ਮੈਂ ਕਿਹਾ ਕਿ ਚਲੋ ਜਵਾਕੋ ਹੁਣ ਤੁਹਾਡੀ ਛੁੱਟੀ। ਜ਼ਿੱਦ ਜਿਹੀ ਨਾਲ ਕਹਿੰਦੇ ਕਿ ਗਾਣੇ ਸੁਣਾਕੇ ਜਾਵਾਂਗੇ। ਤਿੰਨ ਕੁੜੀਆਂ ਖੜੀਆਂ ਹੋਕੇ ਗਾਉਣ ਲੱਗੀਆਂ, "ਲੇ ਮਸ਼ਾਲੇਂ ਚਲ ਪੜ੍ਹੇ ਹੈਂ ਲੋਗ ਮੇਰੇ ਗਾਓਂ ਕੇ, ਅਬ ਅੰਧੇਰਾ ਜੀਤ ਲੇਂਗੇ ਲੋਗ ਮੇਰੇ ਗਾਓਂ ਕੇ...।" ਮੈਨੂੰ ਸਾਡਾ ਮੋਰਚਾ ਜਿੱਤਿਆ ਨਜ਼ਰ ਆਉਣ ਲੱਗਿਆ।

## ਸੰਪਾਦਕੀ

ਪਾਰਲੀਮੈਂਟ ਵਿਚ ਖੇਤੀ ਕਾਨੂੰਨਾਂ ਤੇ ਬਹਿਸ ਹੋਈ ਤਾਂ ਸਾਰੀਆਂ ਹੀ ਵਿਰੋਧੀ ਪਾਰਟੀਆਂ ਨੇ ਕਿਸਾਨਾਂ ਦੀ ਹਮਾਇਤ ਕੀਤੀ। ਕਾਂਗਰਸ ਦੇ ਗ਼ੁਲਾਮ ਨਬੀ ਅਜ਼ਾਦ ਨੇ ਪਗੜੀ ਸੰਭਾਲ ਜੱਟਾ ਲਹਿਰ ਦਾ ਹਵਾਲਾ ਦੇ ਕੇ ਕਿਹਾ ਕਿ ਅੰਗਰੇਜ ਸਰਕਾਰ ਨੂੰ ਵੀ ਖੇਤੀ ਕਾਨੂੰਨ ਵਾਪਸ ਲੈਣੇ ਪਏ ਸਨ ਅਤੇ ਭਾਜਪਾ ਸਰਕਾਰ ਨੂੰ ਵੀ ਇਹੀ ਕਰਨਾ ਪਵੇਗਾ। ਰਾਹੁਲ ਗਾਂਧੀ ਨੇ ਕਿਹਾ ਕਿ ਸਰਕਾਰ ਹਮ ਦੋ ਹਮਾਰੇ ਦੋ ਭਾਵ ਅੰਬਾਨੀ ਅਦਾਨੀ ਮੋਦੀ ਅਮਿਤ ਸ਼ਾਹ ਦੀ ਜੁੰਡਲੀ ਚਲਾ ਰਹੀ ਹੈ। ਸਾਰੇ ਪੰਜਾਬੀ ਸਿਆਸਤਦਾਨਾਂ ਨੇ ਵੀ ਭਾਜਪਾ ਸਰਕਾਰ ਨੂੰ ਲਾਅਣਤਾਂ ਪਾਈਆਂ। ਕਿਸਾਨ ਮੋਰਚੇ ਦੀ ਜਿੱਤ ਹੈ ਕਿ ਸਾਰੀਆਂ ਵਿਰੋਧੀ ਸਿਆਸੀ ਪਾਰਟੀਆਂ ਇਕਸੁਰ ਹੋ ਕੇ ਕਿਸਾਨ ਮੋਰਚੇ ਦੀ ਹਮਾਇਤ ਵਿਚ ਹਨ। ਅੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮੁੱਦੇ ਤੇ ਗੱਲ ਕਰਨੀ ਪਈ। ਪਰ ਉਸ ਤਕਰੀਰ ਵਿਚ ਵੀ ਉਹਨਾਂ ਨੇ ਅੰਦੋਲਨਕਾਰੀਆਂ ਨੂੰ ਪਰਜੀਵੀ ਜਿਹੇ ਭੱਦੇ ਲਕਬ ਦੇ ਕੇ ਭੰਡਿਆ। ਭਾਜਪਾ ਦੀ ਦੋਗਲੀ ਨੀਤੀ ਜਾਰੀ ਹੈ ਜਿਸ ਵਿਚ ਉਹ ਕਿਸਾਨਾਂ ਦੇ ਇਸ ਸ਼ਾਂਤਮਈ ਤਪ ਨੂੰ ਸਿਜਦਾ ਕਰਨ ਲਈ ਮਜਬੂਰ ਵੀ ਹਨ ਅਤੇ ਦੂਜੇ ਹੀ ਫ਼ਿਕਰੇ ਵਿਚ ਕਿਸਾਨਾਂ ਨੂੰ ਬੁਰਾ ਭਲਾ ਵੀ ਕਹਿਣ ਲਗਦੇ ਹਨ।

ਪ੍ਰਧਾਨ ਮੰਤਰੀ ਨੇ ਫਿਰ ਕਿਹਾ ਕਿ ਨਿੱਜੀ ਖੇਤਰ ਦਾ ਨੁਕਸਾਨ ਨਹੀਂ ਕਰਨਾ ਚਾਹੀਦਾ। ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਬਿਆਨ ਦਿੱਤਾ ਹੈ ਕਿ ਨਿੱਜੀ ਅਤੇ ਸਰਕਾਰੀ ਸੰਪੰਤੀ ਦੇ ਨੁਕਸਾਨ ਦਾ ਹਰਜਾਨਾ ਅੰਦੋਲਨਕਾਰੀਆਂ ਤੋਂ ਵਸੂਲਿਆ ਜਾਵੇਗਾ। ਦੂਜੇ ਪਾਸੇ ਲੋਕ ਸਭਾ ਵਿਚ ਜਦੋਂ ਸ਼ਹੀਦ ਹੋਏ ਕਿਸਾਨਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖਿਆ ਗਿਆ ਤਾਂ ਭਾਜਪਾ ਨੇ ਇਸ ਦਾ ਵਿਰੋਧ ਕੀਤਾ। ਹਰਿਆਣੇ ਦੇ ਇਕ ਮੰਤਰੀ ਨੇ ਕਿਹਾ ਕਿ ਇਹ ਕਿਸਾਨ ਜੇ ਘਰੇ ਵੀ ਰਹਿੰਦੇ ਤਾਂ ਵੀ ਮਰ ਜਾਂਦੇ। ਜਦ ਕਿ ਭਾਜਪਾ ਸਰਕਾਰ ਆਪ ਹੀ ਸਰਕਾਰੀ ਸੰਪੰਤੀ ਕਾਰੋਪਰੇਟ ਘਰਾਣਿਆਂ ਨੂੰ ਵੇਚ ਰਹੀ ਹੈ। ਭਾਜਪਾ ਨੂੰ ਕਿਰਤੀ ਕਿਸਾਨਾਂ ਦੀਆਂ ਜਿੰਦਗੀਆਂ ਨਾਲੋਂ ਜਿਆਦਾ ਆਪਣੇ ਨਜ਼ਦੀਕੀ ਕਾਰਪੋਰੇਟ ਘਰਾਣਿਆਂ ਦੀ ਸੰਪੰਤੀ ਦਾ ਜਿਆਦਾ ਹੇਜ ਹੈ।

ਹਰਿਆਣਾ, ਯੂਪੀ, ਪੰਜਾਬ ਅਤੇ ਰਾਜਸਥਾਨ ਵਿਚ ਮਹਾਂਪੰਚਾਇਤਾਂ ਹੋ ਰਹੀਆਂ ਹਨ ਅਤੇ ਮੋਰਚੇ ਦੇ ਆਗੂਆਂ ਦੀਆਂ ਤਕਰੀਰਾਂ ਸੁਣਨ ਲੋਕ ਆਪਮੁਹਾਰੇ ਵਹੀਰਾਂ ਘੱਤ ਰਹੇ ਹਨ। ਲੋਕਾਂ ਨੇ ਸਰਕਾਰ ਦੀ ਬਦ ਨੀਅਤ ਨੂੰ ਪਛਾਣ ਲਿਆ ਹੈ ਅਤੇ ਆਪਣੀ ਰੋਜ਼ੀ ਰੋਟੀ ਤੇ ਹੋ ਰਹੇ ਹਮਲੇ ਨਾਲ਼ ਨਜਿੱਠਣ ਲਈ ਡਟ ਗਏ ਹਨ। ਹਰ ਵਰਗ ਦੇ ਲੋਕ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਖੜੇ ਹਨ ਅਤੇ ਇਹ ਅੰਦੋਲਨ ਹੁਣ ਕੌਮੀ ਰੂਪ ਅਖਤਿਆਰ ਕਰ ਚੁੱਕਿਆ ਹੈ। ਕਿਸਾਨ ਅੰਦੋਲਨ ਦੀ ਚਿਣਗ ਮਹਾਰਾਸ਼ਟਰ, ਝਾਰਖੰਡ ਅਤੇ ਕਰਨਾਟਕਾ ਵਰਗੇ ਸੂਬਿਆਂ ਵਿਚ ਵੀ ਪਹੁੰਚ ਗਈ ਹੈ। ਇਥੋਂ ਦੇ ਕਿਸਾਨ ਦਿੱਲੀ ਤੋਂ ਦੂਰ ਹੋਣ ਕਰਕੇ ਭਾਵੇਂ ਦਿੱਲੀ ਮੋਰਚਿਆਂ ਤੇ ਘੱਟ ਗਿਣਤੀ ਵਿਚ ਹਨ ਪਰ ਆਪਣੇ ਆਪਣੇ ਸੂਬਿਆਂ ਵਿਚ ਰੋਸ ਮੁਜਾਹਰੇ ਕਰ ਰਹੇ ਹਨ।

## ਪ੍ਰਧਾਨ ਮੰਤਰੀ ਕਿਸਾਨਾਂ ਨੂੰ ਗਾਲ੍ਹਾਂ ਕਿਉਂ ਕੱਢਦੇ ਨੇ?

**ਬਲਬੀਰ ਸਿੰਘ ਰਾਜੇਵਾਲ, ਤਕਰੀਰ ਵਿਚੋਂ**

ਅੱਜ ਸਰਕਾਰ ਆਪਣੇ ਅਸੂਲਾਂ ਤੋਂ ਉੱਖੜ ਚੁੱਕੀ ਹੈ। ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੇ ਕਿਰਦਾਰ ਦੀ ਗੱਲ ਹੁੰਦੀ ਹੈ। ਉਨ੍ਹਾਂ ਦੇ ਮੂੰਹੋਂ ਇਹ ਕਿਹਾ ਹੋਇਆ ਹੈ, ਇੱਕ ਇੱਕ ਸ਼ਬਦ ਦੁਨੀਆ ਤੋਲਦੀ ਹੈ ਅਤੇ ਉਸਨੂੰ ਘੋਖਦੀ ਹੈ। ਜੋ ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿੱਚ ਕਿਹਾ, ਜੋ ਕੁਝ ਸਾਨੂੰ ਕਿਹਾ ਅਤੇ ਕਿਸਾਨਾਂ ਬਾਰੇ ਬੋਲਿਆ, ਬਹੁਤੀ ਹੀ ਜ਼ਿਆਦਾ ਨਿੰਦਣਯੋਗ ਹੈ ਅਤੇ ਮੁਆਫ਼ ਕਰਨ ਵਾਲਾ ਵੀ ਨਹੀਂ ਹੈ। ਉਨ੍ਹਾਂ ਨੇ ਇਕ ਤਰ੍ਹਾਂ ਨਾਲ ਸਾਨੂੰ ਗਾਲ੍ਹਾਂ ਕੱਢੀਆਂ ਹਨ। ਉਨ੍ਹਾਂ ਨੇ ਇੱਕ ਸ਼ਬਦ ਵਰਤਿਆ ਹੈ ਜਿਸ ਦਾ ਮਤਲਬ ਹੈ, ਅਸੀਂ ਗੰਦ ਦੇ ਕੀੜੇ ਹਾਂ। ਕਿਸਾਨ ਗੰਦ ਦੇ ਕੀੜੇ ਨੇ, ਇਹ ਸ਼ਬਦ ਇਸ ਤਰ੍ਹਾਂ ਦਾ ਵਰਤਿਆ ਹੈ। ਉਨ੍ਹਾਂ ਨੇ ਕਿਹਾ ਕਿ ਅੰਦੋਲਨ ਕਰਨਾ ਸਾਡਾ ਪੇਸ਼ਾ ਹੈ। ਇਸ ਤਰਾਂ ਦੀਆਂ ਗੱਲਾਂ ਕਹਿ ਕੇ ਉਹ ਇਕ ਪਾਸੇ ਜਿਸਨੂੰ ਦੇਸ ਤਾਂ ਅੰਨਦਾਤਾ ਕਹਿੰਦਾ ਹੈ ਅਤੇ ਦੂਜੇ ਪਾਸੇ ਗੰਦਗੀ ਦਾ ਕੀੜਾ ਕਹਿੰਦਾ ਹੈ। ਇਹ ਸ਼ਬਦ ਉਨ੍ਹਾਂ ਨੇ ਪਾਰਲੀਮੈਂਟ ਵਿਚ ਬੋਲੇ ਹਨ। ਪਾਰਲੀਮੈਂਟ ਦੇਸ਼ ਦਾ ਸਭ ਤੋਂ ਉੱਚਾ ਸਦਨ ਹੈ।

ਜਿੱਥੇ ਇਕ ਇਕ ਸ਼ਬਦ ਤੋਲ ਕੇ ਬੋਲਣਾ ਹੁੰਦਾ ਹੈ। ਜੇਕਰ ਦੇਸ਼ ਦਾ ਪ੍ਰਧਾਨ ਮੰਤਰੀ ਇਸ ਤਰ੍ਹਾਂ ਦੀ ਸ਼ਬਦਾਵਲੀ ਵਰਤਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਉਹ ਪ੍ਰਧਾਨ ਮੰਤਰੀ ਰਹਿਣ ਦੇ ਯੋਗ ਨਹੀਂ ਹੈ। ਉਹ ਆਪਣੇ ਹੀ ਕਿਸਾਨਾਂ ਦੇ ਵਿਰੁੱਧ ਹੈ ਅਤੇ ਆਪਣੇ ਦੇਸ਼ ਦੇ ਉਨ੍ਹਾਂ ਲੋਕਾਂ ਦੇ ਵਿਰੁੱਧ, ਜਿਹੜੇ ਅੰਨ ਪੈਦਾ ਕਰਕੇ ਸਾਰੇ ਦੇਸ਼ ਦਾ ਢਿੱਡ ਭਰਦੇ ਹਨ। ਓਹਨਾ ਨੂੰ ਹੀ ਇੰਨੀ ਭੱਦੀ ਸ਼ਬਦਾਵਲੀ ਵਰਤਣਾ। ਇਹ ਨਿੰਦਣਯੋਗ ਹੀ ਨਹੀਂ, ਇਹ ਨਾ ਬਰਦਾਸ਼ਤ ਕਰਨ ਦੇ ਯੋਗ ਹੈ। ਅਸੀਂ ਇਸ ਦਾ ਸਮੇਂ ਸਿਰ ਜਵਾਬ ਜ਼ਰੂਰ ਦੇਵਾਂਗੇ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਸਰਕਾਰ ਘਬਰਾਈ ਕਿੰਨੀ ਹੋਈ ਹੈ ਅਤੇ ਮੋਦੀ ਉੱਖੜਿਆ ਕਿੰਨਾ ਹੋਇਆ ਹੈ। ਇਸ ਲਈ ਉਹ ਇਖ਼ਲਾਕ ਤੋਂ ਨੀਵੇਂ ਪੱਧਰ ਤੇ ਆਇਆ ਹੈ। ਇਸ ਲਈ ਸਾਨੂੰ ਸਮਝਣਾ ਚਾਹੀਦਾ ਹੈ ਕੇ ਜਿੱਤ ਸਾਡੇ ਨੇੜੇ ਆ ਚੁੱਕੀ ਹੈ।

# ਟੀਕਰੀ ਮੋਰਚੇ ਨਾਲ ਸੰਵਾਦ

**ਗੁਰਪ੍ਰੀਤ ਸਿੰਘ ਬਰਾੜ**

ਦਿੱਲੀ ਦੇ ਦੁਆਲੇ ਜੋ ਅੰਦੋਲਨ ਚੱਲ ਰਿਹਾ ਹੈ, ਇਸਨੂੰ ਕੋਈ ਅਦੁੱਤੀ ਸ਼ਕਤੀ ਚਲਾ ਰਹੀ ਹੈ। ਅੱਜ ਤੋਂ ਕੋਈ 20–25 ਦਿਨ ਪਹਿਲਾਂ ਸਿੰਘੂ ਤੇ ਟਿੱਕਰੀ ਬਾਡਰ ਦੇ ਲੋਕਾਂ ਦਾ ਅਜਿਹਾ ਹੀ ਮੰਨਣਾ ਸੀ। ਇਸ ਵਾਰ 26 ਜਨਵਰੀ ਤੋਂ ਬਾਅਦ ਦੀ ਫੇਰੀ ਦੌਰਾਨ ਇਹ ਮਾਨਤਾ ਹੋਰ ਦ੍ਰਿੜ ਹੋ ਗਈ ਕਿ ਸੱਚੀ ਹੀ ਕੁਦਰਤ ਮਾਂ ਨੇ ਆਪਣੇ ਇਹਨਾਂ ਜੇਠੇ ਪੁੱਤਰਾਂ ਨੂੰ ਆਪਣੀ ਬੁੱਕਲ ਵਿਚ ਸਮੋਂ ਰੱਖਿਆ ਹੈ। ਵੈਸੇ ਵੀ ਕੁਦਰਤ ਅਤੇ ਕਿਰਸਾਨੀ ਇਕ ਦੂਜੇ ਨਾਲ ਐਨੇ ਰਚੇ–ਮਿਚੇ ਹਨ ਕਿ ਇਨ੍ਹਾਂ ਨੂੰ ਵੱਖਰਾ ਕਰਨਾ ਅਸੰਭਵ ਹੈ। ਕਿਰਸਾਨੀ ਧਰਤੀ ਦੀ ਕੁੱਖ ਚੋਂ ਬੀਜ ਦੇ ਪੁੰਗਰਨ ਤੋਂ ਲੈ ਕੇ ਫਸਲ ਦੇ ਪੱਕਣ ਤੱਕ ਇਕ ਮਿੱਥੀ ਹੋਈ ਕੁਦਰਤੀ ਪ੍ਰਕਿਰਿਆ ਵਿਚੋਂ ਗੁਜਰਦੀ ਹੈ। ਕਿਸਾਨਾਂ ਦਾ ਇਹ ਯੁੱਧ ਭਲਾ ਕੁਦਰਤੀ ਪ੍ਰਕਿਰਿਆ ਤੋਂ ਦੂਰ ਕਿਵੇਂ ਹੋ ਸਕਦਾ ਸੀ। ਆਪਣੇ ਰਵਾਇਤੀ ਢੰਗ ਅਨੁਸਾਰ ਹੀ ਕਿਸਾਨਾਂ ਨੇ ਪਹਿਲਾਂ ਆਪਣੇ ਪਿੰਡਾਂ ਦੀਆਂ ਫਿਰਨੀਆਂ ਤੋਂ ਹਾਈਵੇ ਤੱਕ ਇਸ ਮੋਰਚੇ ਦੀ ਪਨੀਰੀ ਤਿਆਰ ਕੀਤੀ। ਫਿਰ ਦਿੱਲੀ ਨੂੰ ਜਾਂਦੀਆਂ ਵੱਡੀਆਂ ਸੜਕਾਂ ਕੱਦੂ ਕਰਕੇ ਇਹ ਪਨੀਰੀ ਦਿੱਲੀ ਦੀ ਨਿਆਂਈਂ 'ਚ ਜਾ ਲਾਈ। ਫਸਲ ਦੀ ਨਿਗਰਾਨੀ ਲਈ ਨਿਰੰਤਰ ਵਾਰੀ ਸਿਰ ਪਿੰਡ ਤੋਂ ਟਿਕਰੀ ਅਤੇ ਸਿੰਘੂ ਵਾਲੇ ਖੇਤ ਗੇੜਾ ਵੱਜਦਾ ਰਿਹਾ। ਫਸਲ ਲਹਿਰਾ ਰਹੀ ਸੀ, ਬਹੁਤ ਝਾੜ ਦੀ ਉਮੀਦ ਸੀ, ਕਿਸਾਨਾਂ ਦੇ ਚਿਹਰਿਆਂ ਦਾ ਜਾਹੋ–ਜਹਾਲ ਵੱਖਰਾ ਸੀ। ਫੇਰ ਅਚਾਨਕ ਇਕ ਦਿਨ ਸਰਕਾਰੀ ਤੰਤਰ, ਏਜੰਸੀਆਂ, ਗੋਦੀ ਮੀਡੀਆ, ਆਰ. ਐਸ. ਐਸ ਅਤੇ ਕੁਝ ਹੋਰ ਭੇਤੀਆਂ ਦਾ ਟਿੱਡੀ ਦਲ ਖੌਰੂ ਪਾਉਣ ਆ ਚੜ੍ਹਿਆ। ਪਰ ਸ਼ਾਮ ਹੁੰਦੇ–ਹੁੰਦੇ ਹੋਸ਼ ਦੇ ਪੀਪੇ ਖੜਕਣ ਲੱਗੇ, ਅਗਲੀ ਸਵੇਰ ਟਿੱਡੀ ਦਲ ਭੱਜਦਾ ਨਜ਼ਰ ਆਇਆ। ਪਰ ਟਿੱਡੀ ਦਲ ਨੇ ਉਸ ਇਕ ਦਿਨ ਵਿੱਚ ਹੀ ਫਸਲ ਦਾ ਚੋਖਾ ਨੁਕਸਾਨ ਕਰ ਦਿੱਤਾ। ਚਿਹਰੇ ਨਿਰਾਸ਼ ਹੋਣ ਲੱਗੇ, ਜਾਹੋ–ਜਲਾਲ ਉਡਣ ਲੱਗੇ, ਗੋਦੀ ਮੀਡੀਆ ਤਾੜੀ ਮਾਰ ਹੱਸਣ ਲੱਗਿਆ ਤਾਂ ਇਸ ਕੁਮਲਾ ਰਹੀ ਫਸਲ ਨੂੰ ਗਾਜੀਪੁਰ ਬਾਡਰ ਤੇ ਬੈਠੇ ਇਕ ਬਜ਼ੁਰਗ ਨੇ ਆਪਣੀਆਂ ਅੱਖਾਂ ਦੇ ਪਾਣੀ ਨਾਲ ਸਿੰਜਿਆ। ਅੱਖਾਂ ਦੇ ਮੋਘੇ 'ਚੋਂ ਪਹਿਲੀ ਬੂੰਦ ਕੀ ਨਿਕਲੀ ਕਿ ਹਰ ਘਰ 'ਚੋਂ ਹਾਅ ਦੇ ਨਾਅਰੇ ਲੱਗੇ, ਥਾਲੀਆਂ 'ਚ ਪਈ ਰੋਟੀ ਛੱਡ ਰਾਤੋ–ਰਾਤ ਹੀ ਦਿੱਲੀ ਵੱਲ ਨੂੰ ਕੂਚ ਸ਼ੁਰੂ ਹੋ ਗਏ। ਅਗਲੇ ਦਿਨ ਦੇ ਸੂਰਜ ਦੀਆਂ ਪਹਿਲੀਆਂ ਕਿਰਨਾਂ ਨਾਲ ਹੀ ਫਸਲ ਫਿਰ ਲਹਿਰਾਉਣ ਲੱਗੀ, ਜਾਹੋ–ਜਲਾਲ ਮੁੜ ਕਿਸਾਨਾਂ ਦੇ ਚਿਹਰਿਆਂ ਦੀ ਰੌਣਕ ਬਣਿਆ।

ਕੁਦਰਤੀ ਇਸੇ ਦਿਨ ਹੀ ਟਿੱਕਰੀ ਆਉਣ ਦਾ ਸਬੱਬ ਬਣਿਆ, ਇਕੱਠ ਵੱਧ ਗਿਆ ਸੀ, ਪੰਡਾਲ ਸੱਜ ਰਿਹਾ ਸੀ, ਨਾਅਰੇ ਲੱਗ ਰਹੇ ਸਨ। ਰੋਜ਼ ਦੀ ਤਰ੍ਹਾਂ ਤੜਕੇ ਸਾਰ ਹੀ ਲਾਂਬਾਂ ਪਿੰਡ ਵਾਲਾ ਰਵਿੰਦਰ ਆਪਣੇ ਨੰਗੇ ਧੜ ਨਾਲ ਸਵੇਰ ਦੇ ਮਾਰਚ ਦੀ ਅਗਵਾਈ ਕਰ ਰਿਹਾ ਸੀ। ਰਵਿੰਦਰ ਨੇ ਬੀਤੇ ਦੋ ਮਹੀਨਿਆਂ ਤੋਂ ਕੜਕਦੀ ਠੰਡ ਵਿਚ ਵੀ ਆਪਣੇ ਧੜ ਤੇ ਕੱਪੜਾ ਨਹੀਂ ਪਾਇਆ, ਹਿੱਕ ਤੇ "ਕਿਸਾਨੀ ਹੀ ਧਰਮ ਹੈ" ਲਿਖਾ ਰੱਖਿਆ ਹੈ। ਮੋਰਚੇ ਦੇ ਦਿਨ ਦੀ ਸ਼ੁਰੂਆਤ ਏਸ ਸ਼ੇਰ ਦੀ ਦਹਾੜ ਨਾਲ ਹੀ ਹੁੰਦੀ ਹੈ। ਬਾਕੀ ਹਰਿਆਣੇ ਆਲਿਆਂ ਨੇ ਵੀ ਬੜੇ ਚਾਅ ਨਾਲ ਦੱਸਿਆ ਕਿ 'ਇਬ ਹਰਿਆਣਾ ਪੰਜਾਬ ਸੇ ਆਗੇ ਹੈ।' ਇਹ ਸੱਚ ਵੀ ਹੈ, ਜਿੱਥੇ ਪੰਜਾਬ ਨੇ ਇਸ ਮੋਰਚੇ ਦਾ ਪਿੜ ਬੰਨਿਆ ਉੱਥੇ ਯੂ.ਪੀ. ਅਤੇ ਹਰਿਆਣੇ ਨੇ 26 ਜਨਵਰੀ ਤੋਂ ਬਾਅਦ ਇਸਨੂੰ ਮੁੜ ਸੁਰਜੀਤ ਕੀਤਾ। ਹਰਿਆਣੇ ਆਲਿਆਂ ਨੂੰ ਇਸ ਗੱਲ ਦਾ ਮਲਾਲ ਜ਼ਰੂਰ ਸੀ ਕਿ ਜਾਟ ਅੰਦੋਲਨ ਵੇਲੇ ਸਾਨੂੰ ਲੰਗਰ ਲਾਉਣਾ ਨਹੀਂ ਸੀ ਆਉਂਦਾ, ਇਸ ਮੋਰਚੇ 'ਤੇ ਸਰਦਾਰਾਂ ਨੇ ਸਾਨੂੰ ਲੰਗਰ ਲਾਉਣਾ ਸਿਖਾ ਦਿੱਤਾ ਤੇ ਹੁਣ ਹਰਿਆਣਾ ਲੰਗਰ ਲਾਉਣਾ ਕਦੇ ਨਹੀਂ ਭੁੱਲੇਗਾ।

ਪਿੰਡ ਆਧਨੀਆਂ ਦੀ ਟਰਾਲੀ ਤੇ ਜਿਆਦਾ ਭਾਵਨਾਤਮਕ ਗੱਲਾਂ ਹੋਈਆਂ, ਅਖੇ ਟਕੈਤ ਦੇ ਹੰਝੂਆਂ ਨੇ ਕੱਲੀ ਯੂ.ਪੀ. ਨਹੀਂ ਹਲੂਣੀ ਸਗੋਂ ਹਰਿਆਣੇ, ਪੰਜਾਬ ਨੂੰ ਵੀ ਧੁਰ ਅੰਦਰ ਤੱਕ ਵੰਗਾਰਿਆ, ਬਾਕੀ ਟਕੈਤ ਦੇ ਵੀ ਵੱਸ ਨਹੀਂ ਸੀ, ਉਹ ਦਿਨ ਹੀ ਐਸਾ ਸੀ, ਮੋਰਚੇ ਦੀ ਕੋਈ ਟਰਾਲੀ ਐਸੀ ਨਹੀਂ ਸੀ, ਜਿਸਤੇ ਕਿਸੇ ਬਜ਼ੁਰਗ ਦੀ ਅੱਖ ਸਿੱਲੀ ਨਾ ਹੋਈ ਹੋਵੇ। ਅੱਖਾਂ ਦੀ ਇਹ ਵੱਤ ਬੇਕਾਰ ਨਹੀਂ ਜਾਵੇਗੀ, ਸੰਘਰਸ਼ ਲੰਬਾ ਚੱਲੇਗਾ, ਦਿਉਣ ਖੇੜੇ ਆਲਾ ਜਨਕ ਕਹਿੰਦਾ ਵੀ ਹੁਣ ਘਰ ਤਾਂ ਨਹੀਂ ਜਾ ਸਕਦੇ, ਜਾਵਾਂਗੇ ਕੋਈ ਨਤੀਜਾ ਲੈ ਕੇ ਹੀ। ਆ ਰਹੀ ਗਰਮੀ ਨਾਲ ਨਜਿੱਠਣ ਲਈ ਉਹ ਆਵਦੀ ਟਰਾਲੀ ਤੇ ਕੂਲਰ ਲਾਉਣ ਦੀ ਜੁਗਤ ਘੜ ਰਿਹਾ ਸੀ। ਗੱਗੜ ਵਾਲੇ ਬਾਬਿਆਂ ਨੇ ਗੁੱਝੀ ਗੱਲ ਦੱਸੀ ਕਿ ਮੋਦੀ ਜੱਟ ਨਸਲ ਨੂੰ ਸਮਝ ਹੀ ਨਹੀਂ ਪਾਇਆ, ਉਹਨੂੰ ਕੋਈ ਦੱਸਣ ਵਾਲਾ ਹੀ ਨਹੀਂ ਕਿ ਜੱਟ, ਜਾਟ ਤੇ ਝੋਟੇ ਨੂੰ ਜੇ ਮਾਰਨਾ ਹੋਵੇ ਤਾਂ ਉਹਨੂੰ ਖੂਹ ਤੋਂ ਦੂਜੇ ਪਾਸੇ ਵੱਲ ਖਿੱਚੋ ਤਾਂ ਫਿਰ ਉਹ ਆਵਦੀ ਅੜੀ ਤੇ ਜ਼ੋਰ ਨਾਲ ਆਪ ਖੂਹ 'ਚ ਡਿੱਗਦਾ ਅਤੇ ਮੋਦੀ ਕਮਲਾ ਇਹਨਾਂ ਨੂੰ ਖਿੱਚ ਕੇ ਖੂਹ 'ਚ ਸਿੱਟਣ ਨੂੰ ਫਿਰਦਾ। ਬਾਪੂ ਕਹਿਣਾ ਚਾਹੁੰਦਾ ਸੀ ਕਿ ਸਰਕਾਰ ਜਿੰਨੇ ਵੱਧ ਪੰਗੇ ਲਵੇਗੀ, ਸੰਘਰਸ਼ ਉਨ੍ਹਾਂ ਹੀ ਵੱਧ ਤਿੱਖਾ ਤੇ ਤੇਜ਼ ਹੋਵੇਗਾ। ਜਿਵੇਂ ਹੀ ਸਰਕਾਰ ਨੇ ਕੋਝੀਆਂ ਚਾਲਾਂ ਸ਼ੁਰੂ ਕੀਤੀਆਂ, ਵੇਖੋ ਪੰਜਾਬ, ਹਰਿਆਣਾ, ਯੂ.ਪੀ., ਰਾਜਸਥਾਨ ਦੇ ਪਿੰਡ–ਪਿੰਡ ਅਨਾਊਂਸਮੈਂਟਾਂ ਸ਼ੁਰੂ ਹੋ ਗਈਆਂ, ਮਤੇ ਪੈਣੇ ਸ਼ੁਰੂ ਹੋ ਗਏ, ਦਿੱਲੀ ਵੱਲ ਨੂੰ ਫੇਰ ਕਾਫਲੇ ਵੱਧ ਗਏ।

ਤੁਰਦੇ–ਤੁਰਦੇ ਟਿੱਕਰੀ ਸਟੇਜ਼ ਕੋਲ ਪਹੁੰਚੇ, ਇਕੱਠ ਪਹਿਲਾਂ ਨਾਲੋਂ ਬਹੁਤ ਵੱਧ ਸੀ। ਸਟੇਜ਼ ਤੋਂ ਟਿੱਕਰੀ ਦੇ ਇਲਾਕੇ ਬਹਾਦਰਗੜ੍ਹ ਦੀ ਇਕ ਮੁਟਿਆਰ ਕਿਰਤੀ ਬੋਲ ਰਹੀ ਸੀ ਕਿ "ਗੋਦੀ ਮੀਡੀਆ "ਸਥਾਨਕ ਲੋਕਾਂ" ਦਾ ਨਾਂ ਲੈ ਕੇ ਮੋਰਚੇ ਵਿਰੁੱਧ ਭੰਡੀ ਪ੍ਰਚਾਰ ਕਰ ਰਿਹਾ ਹੈ। ਅਸੀਂ ਹਾਂ ਇੱਥੋਂ ਦੇ ਸਥਾਨਕ ਲੋਕ, ਸਾਡੇ ਕੋਲ ਬੇਸ਼ੱਕ ਸਾਧਨ ਸੀਮਤ ਹਨ ਪਰ ਤੁਸੀਂ ਬੀਤੇ ਦੋ ਮਹੀਨਿਆਂ ਵਿਚ ਸਾਡੇ ਦਿਲਾਂ ਨੂੰ ਜਿੱਤਿਆ ਹੈ ਅਸੀਂ ਜਿੰਨੇ ਜੋਗੇ ਵੀ ਹਾਂ, ਥੋਡੀ ਹਮਾਇਤ 'ਤੇ ਹਾਂ।" ਇੱਥੇ ਹੀ ਇਕ ਨੌਜਵਾਨ ਮਿਲਿਆ ਜੋ 26 ਜਨਵਰੀ ਵਾਲੇ ਦਿਨ ਜੋਸ਼ ਤੇ ਸਸੋਪੰਜ਼ ਵਿਚ ਲਾਲ ਕਿਲੇ ਤੇ ਗਿਆ ਸੀ। ਹੁਣ ਪਛਤਾ ਰਿਹਾ ਸੀ ਕਿ ਅਸੀਂ ਵਹਾਅ ਵਿਚ ਉੱਥੇ ਚਲੇ ਗਏ। ਉੱਥੇ ਜਾਣ ਨਾਲ ਮੋਰਚੇ ਨੂੰ ਨੁਕਸਾਨ ਹੋਇਆ, ਸਾਨੂੰ ਆਗੂਆਂ ਦੀ ਗੱਲ ਮੰਨਣੀ ਚਾਹੀਦੀ ਸੀ।

ਹੁਣ ਅੰਦਲੋਨ ਇਕ ਅਹਿਮ ਪੜਾਅ ਵਿਚ ਦਾਖਲ ਹੋ ਗਿਆ ਹੈ, ਪਿੜ ਮੁੜ ਬੱਝ ਗਿਆ ਹੈ, ਸਿਖਰ ਵੱਲ ਨੂੰ ਵੱਧ ਰਿਹਾ ਹੈ। ਕਿਸਾਨਾਂ, ਖਾਸ ਕਰਕੇ ਪੰਜਾਬੀਆਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਇਹ ਮੋਰਚਾ ਕਿਰਸਾਨੀ, ਕਿਰਤੀ ਅਤੇ ਹਰ ਆਮ ਬੰਦੇ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਇਸ ਮੋਰਚੇ ਦੇ ਪਲੇਟਫਾਰਮ ਨੂੰ ਸਿੱਖੀ ਦੇ ਮਸਲਿਆਂ ਨਾਲ ਰਲ–ਗੱਡ ਕਰਨ ਨਾਲ ਇਸ ਮੋਰਚੇ ਦੇ ਆਧਾਰ ਨੂੰ ਖੋਰਾ ਲੱਗੇਗਾ। ਇਸ ਮੋਰਚੇ ਨਾਲ ਜੁੜੀ ਹਰ ਧਿਰ ਨੂੰ ਮੋਰਚੇ ਦੇ ਆਧਾਰ ਦਾ ਵੱਧ ਤੋਂ ਵੱਧ ਫੈਲਾਅ ਕਰਨ ਲਈ ਯਤਨ ਕਰਨਾ ਚਾਹੀਦਾ ਹੈ। ਇਹ ਮੋਰਚਾ ਨਾ ਸਿੱਖਾਂ ਦਾ ਹੈ, ਨਾ ਕਾਮਰੇਡਾਂ ਦਾ ਹੈ, ਇਹ ਮੋਰਚਾ ਬਜ਼ਾਰ ਅਤੇ ਸਰਕਾਰ ਹੱਥੋਂ ਪਿਸ ਰਹੇ ਆਮ ਇਨਸਾਨ ਦਾ ਹੈ। ਇਹ ਮੋਰਚਾ ਲੋਕਤੰਤਰ ਦੀ ਬਹਾਲੀ ਲਈ ਲੜ ਰਹੇ ਆਜਾਦ ਖਿਆਲ ਦਾ ਹੈ। ਜੇ ਅਜੇ ਵੀ ਇਸ ਗੱਲ ਨੂੰ ਨਾ ਸਮਝ ਸਕੇ ਅਤੇ ਆਵਦੇ ਸੀਮਿਤ ਦਾਇਰਿਆਂ 'ਚੋਂ ਇਸ ਮੋਰਚੇ ਨੂੰ ਤੱਕਦੇ ਰਹੇ ਤਾਂ ਇਤਿਹਾਸ ਕਦੇ ਵੀ ਮਾਫ ਨਹੀਂ ਕਰੇਗਾ। ਜੋ ਘਰਾਂ ਵਿਚ ਬੈਠੇ ਨੇ, ਮੋਰਚਾ ਉਹਨਾਂ ਨੂੰ ਉਡੀਕ ਰਿਹਾ ਹੈ, ਗੋਦੀ ਮੀਡੀਆ ਦੀਆਂ ਅਫਵਾਹਾਂ ਤੋਂ ਬਚੋ, ਮੋਰਚਾ ਜਾਹੋ–ਜਲਾਲ 'ਤੇ ਹੈ।

ਇਸ ਵਾਰ ਫੌਜਾਂ ਜਿੱਤ ਕੇ ਅੰਤ ਨੂੰ ਹਾਰਨੀਆਂ ਨਹੀਂ ਚਾਹੀਦੀਆਂ, ਬਾਬਿਆਂ ਨੇ ਜਵਾਨੀ ਨੂੰ ਜੂਝਣ ਦੀ ਗੁੜਤੀ ਦੇ ਦਿੱਤੀ ਹੈ। ਸੰਘਰਸ਼ ਹੁਣ ਸਬਰ ਤੇ ਸਿਦਕ ਦਾ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਹੀ ਨਹੀਂ, ਇਨਸਾਨੀਅਤ ਦੀ ਵੀ ਉਮਰ ਵੱਧ ਗਈ ਹੈ। ਇਸ ਅੰਦੋਲਨ ਨੂੰ ਜਾਗ ਲਾਉਣ ਵਾਲੇ, ਸਿਖਰ ਵੱਲ ਲੈ ਜਾਣ ਵਾਲੇ ਹਰ ਬੰਦੇ ਦੇ ਜੋਸ਼, ਜਨੂੰਨ ਅਤੇ ਜਜ਼ਬੇ ਨੂੰ ਪ੍ਰਣਾਮ।

# ਪੰਜਾਬ ਜਿਉਂਦਾ ਹੈ

**ਰਸ਼ਮੀਤ ਕੌਰ**

ਸੰਵਿਧਾਨ ਦਿਵਸ ਤੇ ਪੰਜਾਬੀਆਂ ਨੇ ਜੋ ਜੰਗ ਸਰਕਾਰ ਦੇ ਕਾਲੇ ਕਾਨੂੰਨਾਂ ਖਿਲਾਫ਼ ਸ਼ੁਰੂ ਕੀਤੀ, ਕਾਫੀ ਸ਼ਲਾਘਾਯੋਗ ਹੈ। ਕਿਹਾ ਜਾ ਰਿਹਾ ਸੀ ਕਿ ਸਿਰਫ ਬਜ਼ੁਰਗ ਇਸ ਅੰਦੋਲਨ ਦਾ ਹਿੱਸਾ ਹਨ, ਨੋਜਵਾਨਾਂ ਨੇ ਅੱਗੇ ਆ ਕੇ ਇਹ ਸਾਬਿਤ ਕਰ ਦਿੱਤਾ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਸਾਡੇ ਵਿੱਚ ਅੱਜ ਵੀ ਜਿਉਂਦਾ ਹੈ। ਪੰਜਾਬ ਦੇ ਸਿਨੇ ਚੋਂ ਸਰਕਾਰ ਖ਼ਿਲਾਫ਼ ਜੋ ਚੀਸ ਉੱਠੀ ਹੌਲੀ-ਹੌਲੀ ਸਾਰੇ ਦੇਸ਼ ਵਿੱਚ ਫੈਲ ਗਈ ਅਤੇ ਦੁਨੀਆ ਭਰ ਦੇ ਕਿਸਾਨ ਸਰਕਾਰ ਖ਼ਿਲਾਫ਼ ਆਣ ਖੜ੍ਹੇ ਹੋ ਗਏ।ਇਸ ਅੰਦੋਲਨ ਨੇ ਅੱਗੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੇਧ ਦੇ ਦਿੱਤੀ ਹੈ ਕਿ ਆਪਣੇ ਹੱਕਾਂ ਲਈ ਕਿੰਝ ਆਵਾਜ਼ ਬੁਲੰਦ ਕਰਨੀ ਹੈ। ਜਿਹੜੀ ਨੋਜਵਾਨੀ ਨੂੰ ਵੇਹਲੜ ਤੇ ਲੀਹੋਂ ਲਹਿ ਗਈ ਮੰਨਿਆ ਜਾਂਦਾ ਸੀ ਉਹ ਅੱਜ ਸਰਕਾਰ ਨੂੰ ਮੂਹਰੇ ਲਾਈ ਫਿਰਦੀ ਹੈ। ਜੋ ਮੇਰੇ ਵਰਗੇ ਸਰਕਾਰੀ ਮਸਲਿਆਂ ਨੂੰ ਵੇਖ ਆਖ ਛੱਡਦੇ ਸੀ ਕਿ ਅਸੀਂ ਕੀ ਲੈਣਾ ਜੋ ਹੁੰਦਾ ਹੋਈ ਜਾਵੇ, ਅੱਜ ਇੰਨੇ ਕੁ ਜਾਗਰੂਕ ਹੋ ਗਏ ਆ ਕਿ ਇਸ ਤਾਨਾਸ਼ਾਹ ਸਰਕਾਰ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰ ਸਕੀਏ। ਪਤਾ ਨਹੀਂ ਅਸੀਂ ਜਿੱਤਣਾ ਹੈ ਜਾਂ ਨਹੀਂ ਪਰ ਇਸ ਸਰਕਾਰ ਦਾ ਅਸਲੀ ਚਿਹਰਾ ਅਸੀਂ ਸਾਰੀ ਦੁਨੀਆਂ ਨੂੰ ਵਖਾ ਦਿੱਤਾ। ਕਦੇ ਆਤੰਕਵਾਦੀ, ਕਦੇ ਖਾਲਿਸਤਾਨੀ ਪਤਾ ਨਹੀਂ ਕੀ ਕੀ ਆਖਿਆ ਗਿਆ ਹੈ ਪਰ ਫਿਰ ਵੀ ਸ਼ਾਂਤਮਈ ਸੰਘਰਸ਼ ਕਰਦੇ ਕਿਸਾਨਾਂ ਜਿੰਨਾ ਸਬਰ ਹੋਰ ਕਿਸ ਕੋਲ ਹੋ ਸਕਦਾ ਹੈ? ਸਾਡੇ ਦੇਸ਼ ਦੇ ਇਤਿਹਾਸ ਵਿਚ ਤਾਂ ਸਰਦਾਰ ਭਗਤ ਸਿੰਘ ਨੂੰ ਵੀ ਅੱਤਵਾਦੀ ਦਾ ਦਰਜਾ ਦਿੱਤਾ ਹੋਇਆ ਹੈ ਫਿਰ ਅਸੀਂ ਤਾਂ ਇੱਕ ਆਮ ਇਨਸਾਨ ਹਾਂ। ਡਿਜੀਟਲ ਇੰਡੀਆ ਦਾ ਰੋਲਾ ਪਾਉਂਣ ਵਾਲੇ ਮੋਦੀ ਜੀ ਨੂੰ ਨੋਜਵਾਨਾਂ ਨੇ ਟਵਿਟਰ ਤੇ ਆ ਕੇ ਦੱਸ ਦਿੱਤਾ ਕਿ ਡਿਜੀਟਲ ਕਿਹਨੂੰ ਕਹਿੰਦੇ ਹਨ। ਇਸ ਅੰਦੋਲਨ ਨੇ ਦੱਸ ਦਿੱਤਾ ਕਿ ਹਿੰਦੂ,ਮੁਸਲਿਮ,ਸਿੱਖ,ਈਸਾਈ ਦੇ ਏਕੇ ਦੀ ਜੋ ਗੱਲ ਸਾਡੇ ਗੁਰੂਆਂ ਨੇ ਸਿਖਾਈ ਉਹ ਅੱਜ ਵੀ ਹਕੀਕਤ ਹੈ। ਧਰਨਿਆਂ ਤੇ ਬੈਠੇ ਕਿਸਾਨ ਅੱਜ ਸਰਦਾਰ ਭਗਤ ਸਿੰਘ, ਅਕਾਲੀ ਫੂਲਾ ਸਿੰਘ, ਨਵਾਬ ਕਪੂਰ ਸਿੰਘ ਆਦਿ ਨੂੰ ਪੜ੍ਹ ਰਹੇ ਨੇ, ਬਾਬੇ ਨਾਨਕ ਦਾ ਲੰਗਰ ਵਰਤ ਰਿਹਾ ਹੈ, ਨੋਜਵਾਨੀ ਸਹੀ ਰਾਹੇ ਤੁਰ ਪਈ ਹੈ, ਭਾਈਚਾਰਕ ਸਾਂਝ ਮਜ਼ਬੂਤ ਹੋ ਗਈ ਹੈ, ਸਰਕਾਰ ਦਾ ਅਸਲੀ ਰੰਗ ਦਿਖ ਗਿਆ ਹੈ, ਹੁਣ ਭਾਵੇਂ ਅਸੀਂ ਜਿੱਤਿਏ ਜਾਂ ਨਈ ਪਰ ਅਸੀਂ ਇਨ੍ਹਾਂ ਕੁਝ ਜਿੱਤ ਲਿਆ ਹੈ। ਪੰਜਾਬ ਵਾਪਿਸ ਪਰਤ ਗਿਆ ਹੈ।

# ਰਾਜਨੀਤਕ ਲੜਾਈ

**ਨਵਜੋਤ ਸਿੰਘ**

ਹਰ ਰੋਜ਼ ਦੀ ਸਵੇਰੇ ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ, ਮੋਦੀ ਸਰਕਾਰ ਮੁਰਦਾਬਾਦ, ਖੇਤੀ ਵਿਰੋਧੀ ਕਾਲੇ - ਕਾਨੂੰਨਾਂ ਨੂੰ ਰੱਦ ਕਰੋ, ਅੰਦਾਨੀ-ਅੰਬਾਨੀ ਮੁਰਦਾਬਾਦ 'ਤੇ ਕਿਰਤੀ ਲੋਕਾਂ ਦਾ ਏਕਾ ਜ਼ਿੰਦਾਬਾਦ ਨਾਲ ਸ਼ੁਰੂ ਹੁੰਦੀ ਹੈ। ਇਹ ਵਰਤਾਰਾ ਸਾਰਾ ਦਿਨ ਵਾਪਰਦਾ ਹੈ। ਸਭ ਤੋ ਰੌਚਿਕ ਗੱਲ ਇਹ ਹੈ ਕਿ ਇਹਨਾਂ ਨਾਆਰਿਆ ਨੇ ਜੱਥੇ ਬੱਚਿਆਂ ਤੇ ਨੌਜਵਾਨਾਂ ਦੀ ਬੋਲਣ ਦੀ ਜ਼ੱਕ ਖੋਲੀ ਹੈ, ਉਥੇ ਚੇਤਨਾਂ ਦਾ ਵਿਕਾਸ ਵੀ ਹੋਇਆ। ਇਸ ਦੀ ਮਿਸਾਲ ਇਹ ਹੈ ਕਿ ਹੁਣ ਗੋਦੀ ਮੀਡੀਆ ਜਦੋ ਵੀ ਨੋਜ਼ਵਾਨ ਮੁੰਡੇ- ਕੁੜੀਆਂ ਨੂੰ ਸਵਾਲ ਪੁਛਦੇ ਨੇ ਖੇਤੀ ਵਿਰੋਧੀ ਕਾਨੂੰਨਾਂ ਦੇ ਨਾ ਦੱਸੋ, ਉਹ ਪਟੱਕ ਦੇਣੇ ਦੱਸਦੇ ਨੇ ਤੇ ਭਵਿੱਖ ਵਿੱਚ ਹੋਣ ਵਾਲੇ ਇਹਨਾਂ ਦੇ ਨੁਕਸਾਨ ਵੀ ਦੱਸਦੇ ਨੇ।

ਇਸ ਜਨ ਅੰਦੋਲਨ ਨੇ ਇਹ ਵੀ ਸੱਚ ਸਾਬਿਤ ਕਰ ਦਿੱਤਾ ਇਕੱਠ ਲੋਹੇ ਦੀ ਲੱਠ ਕਿਉਂਕਿ ਜਿਸ ਸਰਕਾਰ ਕੋਲ ਕਿਰਤੀ ਲੋਕਾਂ ਦੇ ਵਿਰੁੱਧ ਕਾਨੂੰਨ ਬਣਾਉਣ, ਲੁੱਟਣ ਤੇ ਕੁੱਟਣ, ਧਰਮਾਂ, ਜਾਤਾਂ, ਪਾਤਾਂ, ਰੰਗਾਂ, ਨਸਲਾਂ ਤੇ ਲੜਾਉਣ ਤੇ ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਦੇ ਢਿੱਡ ਭਰਣ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਸੀ, ਹੁਣ ਦੇਸ਼ ਦੇ ਕਿਰਤੀ ਲੋਕਾਂ ਨੇ ਇਹ ਭਾਜਪਾ ਸਰਕਾਰ 'ਤੇ ਆਰ.ਐਸ.ਐਸ ਦੇ ਇਸ ਮਨਸੂਬੇ ਨੂੰ ਵੀ ਇਸ ਜਨ ਰੂਪ ਧਾਰਨ ਕਰ ਚੁੱਕੇ ਅੰਦੋਲਨ 'ਚ ਇਹ ਪੱਤਾ ਖੇਡਣ ਤੋ ਪੂਰੀ ਤਰ੍ਹਾਂ ਨਾਕਾਮਯਾਬ ਕੀਤਾ। ਇਹ ਲੋਕਾਂ ਦੀ ਦੇਸ਼ ਵਿਆਪੀ ਏਕਤਾ ਨੇ ਦੂਜੀਆਂ ਲੋਟੂ ਪਾਰਟੀਆਂ ਦੇ ਆਗੂਆਂ ਦੇ ਮੱਥੇ 'ਤੇ ਵੀ ਤਰੇਲੀਆ ਲਿਆਉਣੀਆਂ ਸ਼ੁਰੂ ਕਰ ਦਿੱਤੀਆ ਕਿਉਂਕਿ ਉਹ ਵੀ ਅੰਦਰ-ਖਾਤੇ ਨਾਲ ਮਿਲੇ ਹੋਏ ਸੀ। ਇਸ ਗੱਲ ਦਾ ਲੋਕਾਂ ਨੂੰ ਚਿੱਟੇ ਦਿਨ ਵਾਂਗ ਪਤਾ ਲੱਗ ਚੁੱਕਾ ਹੈ।

ਇਹ ਖੇਤੀ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਕੇ ਕਿ ਇਸ ਨੂੰ ਇਕੱਲੀ ਨਿਰੋਲ ਆਰਥਿਕ ਜਿੱਤ ਵਾਲੀ ਲੜਾਈ ਤੱਕ ਹੀ ਸੀਮਿਤ ਨਹੀਂ ਰਹਿਣ ਦੇਣਾ ਚਾਹੀਦਾ ਹੈ। ਇਸ ਨੂੰ ਕਿਰਤੀ ਜਮਾਤ ਦੀ ਰਾਜਨਾਤਿਕ ਲੜਾਈ ਦੇ ਰੂਪ 'ਚ ਬਦਲਣਾ ਚਾਹੀਦਾ ਹੈ। ਜਿਸ ਨਾਲ ਅਗਲਾ ਹੰਭਲਾ ਸਮਾਜਿਕ ਤਬਦੀਲੀ ਲਈ ਮਾਰਿਆ ਜਾਵੇ ਤੇ ਹਰ ਲਈ ਸਿਹਤ, ਵਿਦਿਆ ਇਕਸਾਰ ਲਾਜ਼ਮੀ ਤੇ ਫਰੀ, ਇਸ ਤੋਂ ਇਲਾਵਾ ਹਰ ਇਕ ਬਾਲਗ/ਮਰਦ ਇਸਤਰੀ ਲਈ ਰੁਜ਼ਗਾਰ ਆਦਿ ਦੀ ਗਰੰਟੀ ਕਰਦੇ ਕਾਨੂੰਨ ਬਣਾਏ ਜਾਣ।



# ਜਮਹੂਰੀ ਕਿਸਾਨ ਸਭਾ

**ਸੰਗੀਤ ਤੂਰ**

ਸਥਾਪਨਾ: 2001(ਕੁਲ ਹਿੰਦ ਕਿਸਾਨ ਸਭਾ ਤੋਂ ਵੱਖ ਹੋਕੇ)
ਆਗੂ: ਸਤਨਾਮ ਸਿੰਘ ਅਜਨਾਲਾ (ਸੂਬਾ ਪ੍ਰਧਾਨ), ਕੁਲਵੰਤ ਸਿੰਘ ਸੰਧੂ (ਜਨਰਲ ਸਕੱਤਰ), ਪਰਗਟ ਜਾਮਾਰਾਏ (ਪ੍ਰੈੱਸ ਸਕੱਤਰ)
ਮੈਂਬਰ: 50, 000
ਇਲਾਕਾ: ਪੰਜਾਬ ਦੇ 19 ਜਿਲ੍ਹੇ

ਸਥਾਪਨਾ ਵੇਲੇ ਇਸ ਦਾ ਪ੍ਰਮੁੱਖ ਕੰਮ ਜੋ ਕੇ ਜਮਾਤੀ ਭਾਈਵਾਲ ਰਹਿੰਦਿਆਂ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਵਿਰੋਧ ਕਰਨਾ ਅਤੇ ਉਨ੍ਹਾਂ ਨੂੰ ਤੋੜ ਕੇ ਨਵੀਆਂ ਨੀਤੀਆਂ ਬਣਾਉਣ ਦੇ ਵਿੱਚ ਯੋਗਦਾਨ ਪਾਉਣਾ ਸੀ। ਉਸ ਵਕਤ ਸਾਥੀ ਨਾਜਰ ਸਿੰਘ ਜੀ ਪ੍ਰਧਾਨ ਬਣੇ ਸਨ। ਉਸ ਵਕਤ ਚਾਰ ਨੀਤੀਆਂ ਬਣਾਈਆਂ ਗਈਆਂ ਸਨ। ਕਿਸਾਨ ਦੀ ਆਰਥਿਕ ਹਾਲਾਤ ਨੂੰ ਬਿਹਤਰ ਕਰਨਾ, ਪਬਲਿਕ ਡਿਸਟਰੀਬਿਊਸ਼ਨ ਨੂੰ ਮਜਬੂਤ ਕਰਨਾ, ਅੰਨ ਸੁਰੱਖਿਆ ਕਰਨਾ ਅਤੇ ਕਿਸਾਨੀ, ਜਵਾਨੀ, ਪਾਣੀ ਅਤੇ ਵਾਤਾਵਰਨ ਦੀ ਸੰਭਾਲ ਕਰਨੀ ਤੈਅ ਕੀਤੀਆਂ ਗਈਆਂ।

ਕਿਸਾਨ ਦੀ ਆਰਥਿਕ ਹਾਲਤ ਸੁਧਾਰਨ ਲਈ, ਲਾਹੇਵੰਦ ਭਾਅ ਦਵਾਉਣੇ ਅਤੇ ਸਵਾਮੀਨਾਥਨ ਰਿਪੋਰਟ ਦੇ ਮੁਤਾਬਕ ਸੀ2 ਦੇ ਫਾਰਮੂਲਾ ਦੇ ਆਧਾਰ ਤੇ 50% ਵਾਧਾ ਕਰਕੇ ਉਨ੍ਹਾਂ ਵਿੱਚ ਭਾਅ ਬਣਾਉਣੇ ਅਤੇ ਫ਼ਸਲਾਂ ਦਾ ਸਰਕਾਰੀ ਬੀਮਾ ਦੇਣਾ ਹੈ। ਸਰਕਾਰੀ ਬੀਮਾ ਦੇਣ ਦੇ ਲਈ ਜ਼ਿਲ੍ਹੇ, ਤਹਿਸੀਲ ਜਾਂ ਪਿੰਡ ਨੂੰ ਇਕਾਈ ਬਣਾ ਕੇ ਨਹੀਂ ਸਗੋਂ ਖੇਤ ਨੂੰ ਇਕਾਈ ਬਣਾ ਕੇ ਮੁੱਲ ਤੈਅ ਕਰਨਾ ਹੈ। ਖੇਤ ਦੇ ਹਿਸਾਬ ਨਾਲ਼ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਇਸ ਦੇ ਵਿੱਚ ਹੀ ਦੇਸੀ ਅਤੇ ਵਿਦੇਸ਼ੀ ਕੰਪਨੀ ਦੀ ਖੇਤੀ ਸੈਕਟਰ ਦੇ ਵਿੱਚ ਪਾਬੰਦੀ ਲਗਾਉਣੀ ਹੈ। ਵਾਤਾਵਰਨ ਨੂੰ ਦੇਖਦੇ ਹੋਏ ਖਾਧਾਂ ਅਤੇ ਬੀਜਾਂ ਤੇ ਸਬਸਿਡੀ ਜ਼ਿਆਦਾ ਕਰਨੀ, ਜਿਸ ਨਾਲ਼ ਕਿਸਾਨ ਠੀਕ ਤਰ੍ਹਾਂ ਖਰੀਦ ਸਕੇ। PDS ਵਿਚ ਸਰਕਾਰ ਆਪ ਜ਼ਰੂਰੀ ਵਸਤਾਂ ਦੀ ਖ਼ਰੀਦ ਕਰੇ ਅਤੇ ਗ਼ਰੀਬਾਂ ਨੂੰ ਮੁਫ਼ਤ ਦੇਵੇ। ਅੰਨ ਸੁਰੱਖਿਆ ਦੇ ਵਿਚ ਅਸੀਂ ਜਦੋ ਦੂਜੇ ਦੇਸ਼ਾਂ ਨਾਲ਼ ਲੈਣ ਦੇਣ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਦੇਸ਼ ਦੀ ਲੋੜ ਨੂੰ ਪ੍ਰਮੁੱਖ ਰੱਖਿਆ ਜਾਵੇ। ਮੌਜੂਦਾ ਹਾਲਾਤਾਂ ਦੇ ਵਿਚ ਕਿਸਾਨ ਮਾਰੂ ਨੀਤੀਆਂ ਦਾ ਵਿਰੋਧ ਕਰਨਾ ਪਹਿਲਾਂ ਹੀ ਜਮਹੂਰੀ ਕਿਸਾਨ ਸਭਾ ਦੇ ਸੰਵਿਧਾਨ ਦੇ ਵਿਚ ਸੀ।

ਇਹ ਜਥੇਬੰਦੀ ਪਹਿਲੀਆਂ ਕਤਾਰਾਂ ਵਿੱਚ ਸ਼ਾਮਿਲ ਹੈ। ਇਹ ਤਿੰਨ ਸਾਲ ਦੀ ਮੈਂਬਰਸ਼ਿਪ ਦਿੰਦੇ ਹਨ ਅਤੇ ਤਿੰਨ ਸਾਲਾਂ ਬਾਅਦ ਇਨ੍ਹਾਂ ਦਾ ਇੱਕ ਇਜਲਾਸ ਹੁੰਦਾ ਹੈ। ਜੋ ਕੇ ਅਲੱਗ ਅਲੱਗ ਥਾਵਾਂ ਤੇ ਹੁੰਦਾ ਹੈ। ਇਨ੍ਹਾਂ ਦੀ ਪੰਜ ਰੁਪਏ ਦੀ ਮੈਂਬਰਸ਼ਿੱਪ ਹੈ ਜੋ ਹਰ ਇਜਲਾਸ ਬਾਅਦ ਨਵਿਆਈ ਜਾਂਦੀ ਹੈ।ਇਨ੍ਹਾਂ ਦਾ 2020 ਵਿੱਚ ਇਜਲਾਸ ਹੋਇਆ ਹੈ ਉਸ ਵਿੱਚ ਅਜਨਾਲਾ ਜੀ ਪ੍ਰਧਾਨ ਬਣੇ । ਸੰਧੂ ਜੀ ਜਨਰਲ ਸਕੱਤਰ ਚੁਣੇ ਗਏ। ਜਥੇਬੰਦਕ ਢਾਂਚਾ ਪਹਿਲਾਂ ਵਾਂਗ ਹੀ ਹੈ ਪਿੰਡ, ਤਹਿਸੀਲ ਜ਼ਿਲ੍ਹਾ ਅਤੇ ਸੂਬਾ ਪੱਧਰ ਦਾ ਹੈ। ਇਨ੍ਹਾਂ ਦੇ ਇਜਲਾਸ ਵਿਚ ਜ਼ਿਲ੍ਹੇ ਅਤੇ ਸੂਬੇ ਦੇ ਮੈਂਬਰ ਹੁੰਦੇ ਭਾਗ ਲੈਂਦੇ ਹਨ। 2007 ਦੇ ਇਜਲਾਸ ਵਿਚ ਔਰਤਾਂ ਦੀ ਜਗ੍ਹਾ ਨੂੰ ਯਕੀਨੀ ਬਣਾਇਆ ਗਿਆ ਸੀ। ਆਉਣ ਵਾਲੇ ਸਮੇਂ ਵਿਚ ਇਹ ਜਥੇਬੰਦੀ ਔਰਤਾਂ ਨੂੰ ਕਿਸਾਨ ਦਾ ਦਰਜਾ ਦਵਾਉਣਾ ਚਾਹੁੰਦੀ ਹੈ।

# ਖੁਦਕੁਸ਼ੀ

**ਜਗਦੀਪ ਬਿਰੁਵਾਲਾ, ਸਿਰਸਾ**

ਪਤਰਕਾਰਿਤਾ ਵਿਚ ਇੱਕ ਗਜਬ ਦੀ ਚੀਜ਼ ਹੁੰਦੀ ਹੈ "ਸਟੋਰੀ ਕਰਨਾ" ਜਾਂ "ਗਰਾਊਂਡ ਰਿਅਲਿਟੀ" ਤੇ ਕੁੱਛ ਲੇਖ ਲਿਖਣਾ ਅਤੇ ਪੜ੍ਹਨ ਵਾਲੇ ਨੂੰ ਲੂੰ ਕੰਡੇ ਖੜੇ ਹੋਣ ਤੱਕ ਦਾ ਅਹਿਸਾਸ ਕਰਵਾ ਕੇ ਹਲਾਤਾਂ ਤੋਂ ਜਾਣੂ ਕਰਵਾਉਣਾ। ਦੇਸ਼ ਅੰਦਰ ਨਿੱਕੇ ਨਿੱਕੇ ਮਸਲਿਆਂ ਤੇ ਰਿਪੋਰਟਾਂ ਹੋਈਆਂ ਨੇਂ, ਬਹੁਤ ਕੁੱਛ ਲਿਖਿਆ ਗਿਆ, ਅੰਤਰਰਾਸਟਰੀ ਪੱਧਰ ਤੱਕ ਓਹਨਾਂ ਮਸਲਿਆਂ ਨੂੰ ਲਿਜਾਇਆ ਗਿਆ। ਪਰ, ਹੁਣ ਗੱਲ ਮਾਲਵੇ ਦੇ ਉਸ ਖਿੱਤੇ ਦੀ ਕਰਨੀ ਬਣਦੀ ਐ ਜਿਥੋਂ ਦੇ ਮਿਹਨਤੀ ਲੋਕਾਂ ਨੇ ਆਪਣੇ ਸ਼ਰੀਰ ਦਾ ਚੰਮ ਉਧੇੜਨ ਤਕ ਵਾਲਿਆਂ ਮਿਹਨਤਾਂ ਕਰਕੇ ਮਾਲਵੇ ਦੇ ਟਿੱਬਿਆਂ ਨੂੰ ਦੇਸ਼ ਦੀ ਸਭ ਤੋਂ ਉਪਜਾਊ ਧਰਤੀ ਬਣਾਇਆ।

ਨਰਮਾ ਪੱਟੀ (ਕੌਟਨ ਬੈਲਟ), ਜਿਸ ਵਿਚ ਪੰਜਾਬ ਦੇ ਮਾਨਸਾ, ਬਠਿੰਡਾ, ਸ਼੍ਰੀ ਮੁਕਤਸਰ ਸਾਹਿਬ; ਹਰਿਆਣੇ ਦੇ ਸਰਸਾ, ਫਤਿਹਾਬਾਦ ਅਤੇ ਰਾਜਸਥਾਨ ਦੇ ਸ਼੍ਰੀ ਗੰਗਾਨਗਰ, ਹਨੂੰਮਾਨਗੜ੍ਹ ਸ਼ਾਮਿਲ ਹਨ। ਇਥੋਂ ਦੇ ਹਲਾਤਾਂ ਦੀ ਰਿਪੋਰਟਿੰਗ ਬਹੁਤ ਘੱਟ ਹੁੰਦੀ ਹੈ। ਅਜਿਹਾ ਲੇਖ ਪੜ੍ਹਨ ਨੂੰ ਬਹੁਤ ਜਿਸ ਵਿਚ ਇਹਨਾਂ ਲੋਕਾਂ ਦੇ ਹਲਾਤਾਂ ਦੀ ਗੱਲ ਕੀਤੀ ਗਈ ਹੋਵੇ। ਬਠਿੰਡਾ ਦੇ ਦਮਦਮਾ ਸਾਹਿਬ ਤਲਵੰਡੀ ਸਾਬੋ ਤਹਿਸੀਲ ਦੇ ਕਈ ਪਿੰਡ ਅਜਿਹੇ ਹਨ ਜਿੱਥੇ ਇਕ ਇਕ ਘਰ ਅੰਦਰ ਦੋ-ਦੋ ਮੌਤਾਂ ਕੈਂਸਰ ਨਾਲ ਹੋਈਆਂ ਹਨ। ਲੋਕ ਡਰਦੇ ਮਾਰੇ ਕੈਂਸਰ ਦਾ ਨਾਮ ਤਕ ਨਹੀਂ ਲੈਂਦੇ।

ਜਦੋਂ ਕਿਸੇ ਨੂੰ ਕੈਂਸਰ ਵਾਲੇ ਦੀ ਮੌਤ ਵਾਰੇ ਪੁੱਛਿਆਂ ਜਾਂਦਾ ਤਾਂ ਉਹ ਇਹ ਨਹੀਂ ਕਹਿੰਦਾ ਕਿ ਉਸਨੂੰ ਕੈਂਸਰ ਸੀ, ਸਗੋਂ ਇਹ ਕਿਹਾ ਜਾਂਦਾ ਹੈ ਕਿ ਉਸਨੂੰ "ਦੂਜਾ ਰੋਗ" ਸੀ। ਨਰਮੇ ਦੀ ਫ਼ਸਲ ਤੇ 7-10 ਸਪਰੇਹਾਂ ਹੁੰਦੀਆਂ ਹਨ। ਕਿਸਾਨਾਂ ਦੀ ਖੁਦਕੁਸ਼ੀ ਦੇ ਆਂਕੜੇ ਕੋਈ ਸਹੀ ਨਹੀਂ ਦਸ ਸਕਦਾ। ਤੁਸੀਂ ਆਪਣੇ ਆਪਣੇ ਪਿੰਡਾਂ ਦਾ ਇਤਿਹਾਸ ਵੇਖੋ ਪਿਛਲੇ 10 ਸਾਲ ਦਾ, ਹਰੇਕ ਪਿੰਡ ਅੰਦਰ ਸਾਲਾਨਾ 3-5 ਖੁਦਕੁਸ਼ੀਆਂ ਹੁੰਦੀਆਂ ਹਨ। ਜਦੋਂ ਕੋਈ ਸਪਰੇਅ ਪੀ ਕੇ ਮਰਦਾ ਹੈ ਤਾਂ ਖਬਰ ਥਾਣੇ ਤਕ ਨਹੀਂ ਜਾਣ ਦਿੰਦੇ ਲੋਕ, ਕਿ ਐਵੇਂ ਪੁਲਸ ਚੱਕਰਾਂ ਚ ਪਾਉ, ਬਿਨਾ ਨਹਾਏ ਸਿੱਧੇ ਅੰਤਮ ਸੰਸਕਾਰ ਹੁੰਦੇ ਵੇਖੇ ਨੇ ਲੋਕਾਂ (ਕਿਸਾਨਾਂ) ਦੇ। ਕੀ ਇਹ ਤ੍ਰਾਸਦੀ ਨਹੀਂ ਹੈ? ਕੀ ਜਮੀਰ ਨੂੰ ਹਲੂਣਾ ਦੇਣ ਵਾਲੀ ਗੱਲ ਨਹੀਂ ਹੈ ਕਿ 15000 ਕਿਲੋਮੀਟਰ ਇਲਾਕਾ ਦੁਨੀਆਂ ਦੇ ਸਭ ਤੋਂ ਵਧ ਖੁਦਕੁਸ਼ੀ ਦਰ ਵਾਲੇ ਇਲਾਕਿਆਂ ਵਿਚੋਂ ਹੈ ਅਤੇ ਇਸਦੀ ਖਬਰ ਤਕ ਨਹੀਂ?

ਮੈਂ ਦਾਅਵੇ ਨਾਲ ਕਹਿ ਸਕਦਾਂ ਕਿ ਪਿਛਲੇ 10 ਸਾਲਾਂ ਤੋਂ ਜੇਕਰ ਲੂੰ ਕੰਡੇ ਖੜ੍ਹੇ ਕਰਨ ਵਾਲਾ ਮੁੱਦਾ ਸੀ ਤਾਂ ਮਾਲਵੇ ਦੇ ਕਿਸਾਨਾਂ ਦੀ ਖੁਦਕੁਸ਼ੀ ਅਤੇ ਕੈਂਸਰ ਵਰਗੀਆਂ ਨਾ ਮੁਰਾਦ ਬਿਮਾਰੀਆਂ ਸੀ। ਮਨੁੱਖੀ ਇਤਿਹਾਸ ਲਈ ਇਸਤੋਂ ਸ਼ਰਮਸ਼ਾਰ ਕਰਨ ਵਾਲੀ ਗੱਲ ਕੋਈ ਹੋਰ ਨਹੀ ਹੋ ਸਕਦੀ ਕਿ ਇੱਕ ਪਰਵਾਰ ਅੰਦਰ 3 ਜਣਿਆਂ ਦੀ ਮੌਤ ਕੈਂਸਰ ਨਾਲ਼ ਹੁੰਦੀ ਹੈ ਅਤੇ ਉਹਨਾਂ ਨੂੰ ਪਤਾ ਹੀ ਨਹੀਂ ਕਿ ਸਾਨੂੰ ਜਾਂ ਸਾਡੇ ਪਰਵਾਰਾਂ ਨੂੰ ਕੈਂਸਰ ਕਿਉਂ ਹੋਇਆ। ਫ਼ਸਲਾਂ, ਖਾਸ ਕਰਕੇ ਨਰਮੇ ਕਪਾਹ ਦੀਆਂ ਫ਼ਸਲਾਂ ਤੇ ਹੋਣ ਵਾਲੀਆਂ ਸਪਰੇਹਾਂ ਨੇ ਕਿਸਾਨਾਂ ਨੂੰ ਸ਼ਰੀਰਕ ਦੇ ਨਾਲ਼ ਨਾਲ਼ ਦਿਮਾਗੀ ਤੌਰ ਤੇ ਇੰਨਾ ਕੁ ਹਲਾਕ ਕਰ ਦਿੱਤਾ ਹੈ ਕਿ ਮਰਨ ਵਾਲੇ ਅਤੇ ਉਸਦੇ ਆਸ ਪਾਸ ਵਾਲੇ ਇਸ ਬਾਰੇ ਚਰਚਾ ਤਾਂ ਕੀ ਕਰਨ, ਓਹਨਾਂ ਨੂੰ ਪਤਾ ਹੀ ਨਹੀਂ ਕਿ ਇਹ ਹੋ ਕੀ ਰਿਹਾ।

ਕਾਇਨਾਤ ਅੰਦਰ ਕੋਈ ਘਟਨਾ ਅਜਿਹੀ ਨਹੀਂ ਘਟਦੀ ਹੋਣੀ, ਜਿੱਥੇ ਕੋਈ ਇੰਨਾ ਹਨੇਰੇ ਵਿਚ ਰਹਿ ਕੇ ਆਪਣੀ ਹੋਂਦ ਨੂੰ ਖਤਮ ਕਰ ਲੈਂਦਾ ਹੋਵੇ। ਉਸ ਨਿਜਾਮ ਉਪਰ ਸਵਾਲ ਕਰਨਾ ਬਣਦਾ ਹੈ ਜੋ ਕੈਂਸਰ ਦੀ ਮੌਤ ਨੂੰ, ਗ਼ਰੀਬੀ ਤੋਂ ਮੌਤ ਨੂੰ, ਸਿਸਟਮ(ਢਾਂਚੇ) ਵੱਲੋਂ ਪੈਦਾ ਕੀਤੇ ਹਲ਼ਾਤਾਂ ਵੱਲੋਂ ਦਿੱਤੀ ਮੌਤ ਨੂੰ ਅੱਖੋ ਪਰੋਖੇ ਕਰ ਰਿਹਾ ਹੈ।

Scan this for PDF

We are thankful to Ramneek Mohan, Khushveer Singh and Suchetna Singh for editing transcription and translation services.



14 ਫਰਵਰੀ ਨੂੰ ਕਿਸਾਨਾਂ ਨੇ ਦੇਸ਼ ਭਰ ਵਿੱਚ ਕੈਂਡਲ ਮਾਰਚ ਕਰਕੇ ਪੁਲਵਾਮਾ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ; ਟਿਕਰੀ ਮੋਰਚੇ 'ਚ ਕੀਤੇ ਕੈਂਡਲ ਮਾਰਚ ਦਾ ਇੱਕ ਦ੍ਰਿਸ਼।
ਫੋਟੋ: ਜਸਕਰਨ ਸਿੰਘ

# ਚੌਂਕੀਦਾਰ

**ਡਾ. ਗੁਰਸੇਵਕ ਲੰਬੀ**

ਸੋਚਿਆ ਸੀ ਤੂੰ ਕਰੇਂਗਾ ਰਾਖੀ
ਰਹਿਣੀ ਨਈ ਕੋਈ ਚਿੰਤਾ ਬਾਕੀ
ਪਰ ਤੂੰ ਤਾਲਾ ਤੋੜ ਕੇ ਬਹਿ ਗਿਓਂ
ਸਭ ਕੁਝ ਸਾਡਾ ਲੁੱਟ ਕੇ ਲੈ ਗਿਓਂ
ਜ਼ਿੰਦਗੀ ਕਰ 'ਤੀ ਫੀਤਾ ਫੀਤਾ
ਚੌਕੀਦਾਰਾ ! ਇਹ ਕੀ ਕੀਤਾ ?

ਕਿਹਾ ਤੂੰ ਮੇਰੇ ਹੱਕ 'ਚ ਆ-ਜੋ
ਮੈਨੂੰ ਚੌਂਕੀਦਾਰ ਬਣਾ ਦੋ
ਗੱਲਾਂ ਤੇਰੀਆਂ ਦੇ ਵਿੱਚ ਆ-ਗੇ
ਹੱਕ 'ਚ ਤੇਰੇ ਗੂਠੇ ਲਾ-ਗੇ
ਦੁੱਧ ਭੁਲੇਖੇ ਜ਼ਹਿਰ ਜਾ ਪੀਤਾ
ਚੌਂਕੀਦਾਰਾ ! ਇਹ ਕੀ ਕੀਤਾ ?

ਧਰਮ ਦਾ ਗਲ ਵਿੱਚ ਸਾਫਾ ਪਾ ਕੇ
ਰੱਖਦਾਂ ਏਂ ਤੂੰ ਉਂਗਲ ਲਾ ਕੇ
ਸਭ ਨੂੰ ਇੱਕੋ ਰੰਗ 'ਚ ਰੰਗੇ
ਤੂੰ ਕਰਵਾਉਨਾ ਰਹਿਨਾ ਦੰਗੇ
ਲੜ-ਪੇ ਕੱਲੂ ਸਲੀਮ ਤੇ ਜੀਤਾ
ਚੌਂਕੀਦਾਰਾ ! ਇਹ ਕੀ ਕੀਤਾ ?

ਹੁਣ ਤੂੰ ਸਾਥੋਂ ਟਲਿਆ ਫਿਰਦਾਂ
ਤੂੰ ਚੋਰਾਂ ਸੰਗ ਰਲਿਆ ਫਿਰਦਾਂ
ਸਾਰਾ ਪਿੰਡ ਹੀ ਵੇਚਣ ਲੱਗਾ
ਧੋਖਾ ਕੀਤਾ ਓਏ! ਤੂੰ ਠੱਗਾ ਸਲੀਮ
ਪਿੰਡ ਦਾ ਹਰ ਇਨਸਾਨ ਵੇਚਤਾ
ਤੂੰ ਮਜ਼ਦੂਰ, ਕਿਸਾਨ ਵੇਚਤਾ
ਫੱਟ ਇਹ ਜਾਣਾ ਨਹੀਓਂ ਸੀਤਾ
ਚੌਂਕੀਦਾਰਾ ! ਇਹ ਕੀ ਕੀਤਾ?
ਚੌਕੀਦਾਰਾ ! ਮਾੜਾ ਕੀਤਾ

# ਆਮ ਹਮਾਇਤ ਨੂੰ ਤੋੜਨ ਦੀ ਕੋਸ਼ਿਸ਼

**ਜਸਦੀਪ ਸਿੰਘ**

ਸਰਕਾਰ ਨੇ ਕਿਸਾਨ ਅੰਦੋਲਨ ਦੇ ਹਮਾਇਤੀਆਂ ਨੂੰ ਡਰਾਉਣ ਦੀ ਮੁਹਿੰਮ ਜਾਰੀ ਰੱਖਦਿਆਂ 21 ਸਾਲਾ ਵਾਤਾਵਰਨ ਕਾਰਕੁਨ ਦਿਸ਼ਾ ਰਵੀ ਨੂੰ ਦਿੱਲੀ ਪੁਲੀਸ ਦੀ ਸਾਈਬਰ ਸੈੱਲ ਦੀ ਟੀਮ ਨੇ ਬੰਗਲੌਰ ਤੋਂ ਗ੍ਰਿਫਤਾਰ ਕਰ ਲਿਆ। ਇਸ ਤੋਂ ਪਹਿਲਾਂ ਵਿਸ਼ਵ ਪ੍ਰਸਿੱਧ ਗ੍ਰੇਟਾ ਥੁਨਬਰਗ ਤੇ ਵੀ ਕੇਸ ਦਰਜ ਕੀਤਾ ਗਿਆ ਸੀ।

ਗ੍ਰੇਟਾ ਨੇ ਇਕ ਦਸਤਾਵੇਜ਼ ਸਾਂਝਾ ਕੀਤਾ ਸੀ ਜਿਸ ਵਿੱਚ ਕਿਸਾਨ ਮੋਰਚੇ ਦੀ ਹਮਾਇਤ ਕਰਨ ਦੇ ਤਰੀਕੇ ਦੱਸੇ ਗਏ ਸਨ। ਭਾਜਪਾ ਸਰਕਾਰ ਨੇ ਇਸ ਨੂੰ ਕੌਮਾਂਤਰੀ ਸਾਜਿਸ਼ ਗਰਦਾਨਦਿਆਂ ਦਸਤਾਵੇਜ਼ ਬਨਾਉਣ ਵਾਲਿਆਂ ਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ।

ਪਿਛਲੇ ਹਫ਼ਤੇ ਆਜ਼ਾਦ ਖ਼ਬਰੀ ਅਦਾਰੇ 'ਨਿਊਜ਼ ਕਲਿਕ' ਦੇ ਦਫਤਰ ਅਤੇ ਮਾਲਕਾਂ ਦੇ ਘਰਾਂ ਤੇ ਇਨਫੋਰਸਮੈਂਟ ਡਿਪਾਰਟਮੈਂਟ ਨੇ ਛਾਪਾ ਮਾਰਿਆ। ਇਹ ਅਦਾਰਾ ਦਲੇਰੀ ਨਾਲ਼ ਕਿਸਾਨ ਮੋਰਚੇ ਦੀਆਂ ਖ਼ਬਰਾਂ ਅਤੇ ਦਿੱਲੀ ਪੁਲਿਸ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਬਾਰੇ ਲਿਖ ਰਿਹਾ ਸੀ। ਇਹ ਛਾਪਾ ਚਾਰ ਦਿਨ ਚੱਲਿਆ।

ਦਿੱਲੀ ਪੁਲਿਸ ਅੰਦੋਲਨਕਾਰੀਆਂ ਤੇ ਤਾਂ ਕੇਸ ਪਾ ਹੀ ਰਹੀ ਹੈ ਪਰ ਹਮਾਇਤ ਵਿੱਚ ਆਵਾਜ਼ ਚੁੱਕਣ ਵਾਲੇ ਪੱਤਰਕਾਰਾਂ ਅਤੇ ਆਮ ਸ਼ਹਿਰੀਆਂ ਨੂੰ ਵੀ ਕਾਨੂੰਨੀ ਕੇਸਾਂ ਵਿੱਚ ਫਸਾ ਕੇ ਡਰਾ ਧਮਕਾ ਰਹੀ ਹੈ। ਭਾਜਪਾ ਸਰਕਾਰ ਬੁਖਲਾਹਟ ਵਿੱਚ ਕਿਸਾਨ ਮੋਰਚੇ ਦੇ ਹੱਕ ਵਿੱਚ ਉੱਠੀ ਹਰ ਆਵਾਜ਼ ਨੂੰ ਕੁਚਲਣ ਵਿੱਚ ਲੱਗੀ ਹੋਈ ਹੈ ਤਾਂ ਕਿ ਸ਼ਹਿਰੀ ਹਮਾਇਤ ਨੂੰ ਰੋਕਿਆ ਜਾ ਸਕੇ। ਸਰਕਾਰ ਨੂੰ ਡਰ ਹੈ ਕਿ ਅੰਦੋਲਨ ਪਿੰਡਾਂ ਦਾ ਜਾਂ ਕਿਸਾਨੀ ਦਾ ਨਾ ਰਹਿ ਕੇ ਕਦੇ ਸ਼ਹਿਰੀ ਖੇਤਰ ਵਿਚਲੇ ਮੁਲਾਜ਼ਮਾਂ ਕਿਰਤੀਆਂ ਦਾ ਨਾ ਬਣ ਜਾਵੇ। ਪਰ ਲੋਕ ਸਰਕਾਰ ਦੇ ਹਰ ਹਮਲੇ ਦਾ ਜਵਾਬ ਆਪਣੀ ਤਾਕਤ ਅਤੇ ਏਕੇ ਦਾ ਮੁਜ਼ਾਹਰਾ ਕਰ ਕੇ ਦੇ ਰਹੇ ਹਨ।






# ਮਹਿਕਦੀ ਰੁੱਤ ਦਾ ਹਿਸਾਬ

**ਤਰਨਦੀਪ ਬਿਲਾਸਪੁਰ**

"ਮੈਂ ਉਸਤੋਂ ਮਹਿਕਦੀ ਰੁੱਤ ਦਾ ਹਿਸਾਬ ਮੰਗ ਬੈਠਾ
ਉਹ ਮਲਕੜੇ ਮੇਰੀ ਝੋਲੀ 'ਚ ਭਰ ਗਿਆ ਪੱਥਰ।"

ਸ਼ਾਇਰ ਰਾਜਿੰਦਰਜੀਤ ਦੇ ਸ਼ਬਦ ਸਾਡੇ ਸਮਿਆਂ ਦੀ ਕਥਾ ਨੇ , ਹਾਕਮ ਨੂੰ ਹੁਣ ਪੂਰੇ ਸਾਲਮ ਭਾਰਤ ਵਿੱਚ ਹਰ ਮੋੜ ਤੇ ਪਾਕਿਸਤਾਨੀ, ਖਾਲਿਸਤਾਨੀ ਤੇ ਨਕਸਲੀ ਦਿਖਦੇ ਹਨ। ਸੰਘਰਸ਼ ਕਰਨ ਵਾਲੇ ਹੁਣ ਪਰਜੀਵੀ ਹੋ ਗਏ ਹਨ। ਤਾਂ ਫਿਰ ਸਾਲਮ ਭਾਰਤ ਵੀ 37% ਵੋਟਾਂ ਲੈ ਕੇ ਕਿ ਤੀਸਰੀ ਡਿਵੀਜਨ 'ਚ ਪਾਸ ਹੋਈ ਭਾਰਤੀ ਜਨਤਾ ਪਾਰਟੀ ਤੇ ਉਸਦੇ ਮਨੀਟਰ ਨਰਿੰਦਰ ਮੋਦੀ ਨੂੰ ਲੋਕਤੰਤਰ ਨੂੰ ਲੱਗੀ ਜੋਕ ਕਹਿਕੇ ਸੰਬੋਧਿਤ ਕਰ ਸਕਦਾ ਹੈ। ਐਸੀ ਜੋਕ ਜੋ ਲੋਕਾਈ ਦੇ ਲਹੂ ਦੀਆਂ ਘੁੱਟਾਂ ਭਰ ਭਰ ਦੈਂਤ ਬਣ ਰਹੀ ਹੈ। ਅਜਿਹਾ ਦੈਂਤ ਜਿਸਦਾ ਏਜੰਡਾ ਇੱਕ ਸੂਤਰੀ ਹੈ, ਕਾਰਪੋਰੇਟ ਦੀ ਮੁਨਾਫੇ ਦੀ ਮਸ਼ੀਨ ਬਣਨਾ ਤੇ ਉਸ ਦੀ ਮਾਇਆ ਨਾਲ ਆਪਣਾ ਸਿਆਸੀ ਦਮਨ ਚੱਕਰ ਚਲਾਉਣਾ। ਰਾਮ ਮੰਦਰ, ਧਾਰਾ 370, ਸਿਟੀਜਨ ਬਿੱਲ ਸਭ ਇਸ ਦੈਂਤ ਦੇ ਛਲਾਵੇ ਮਾਤਰ ਨੇ ਤਾਂ ਕਿ 37% ਵਾਲੀ ਉਸਦੀ ਖੇਡ ਚੱਲਦੀ ਰਹੇ।

ਹੁਣ ਜਦੋਂ ਮੀਡੀਆ ਦਾ ਵੱਡਾ ਹਿੱਸਾ ਸੱਤਾ ਦੀ ਗੋਦੀ ਵਿੱਚ ਸਜਿਆ ਬੈਠਾ ਹੈ ਤਾਂ ਉਸ ਸਮੇਂ #ਟਵਿੱਟਰ ਵਰਗੇ ਸਾਧਨ ਜਨ ਊਰਜਾ ਦੇ ਟੂਲ ਨੇ, ਇੱਥੇ ਵੀ ਰਾਸ਼ਟਰੀ ਸੁਰੱਖਿਆ ਵਰਗੇ ਸ਼ਬਦ ਹੁਣ ਇਹਨਾਂ ਤਕਨੀਕੀ ਟੂਲਾਂ (ਸੰਦਾਂ) ਨੂੰ ਬੇਅਸਰ ਕਰਨ ਲਈ ਐਨੇ ਸਰਗਰਮ ਸ਼ਬਦ ਬਣ ਗਏ ਨੇ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸੂਚਨਾ ਤੇ ਜਨ ਸੰਵਾਦ ਨੂੰ ਇਵੇਂ ਕੰਟਰੋਲ ਕਰਨਾ ਹੈ। ਇਹ ਇੱਕ ਇਸ਼ਾਰਾ ਹੈ ਕਿ ਭਾਰਤ ਦੂਸਰੀ ਪਹਿਲਾ ਨਾਲੋਂ ਵੀ ਵੱਡ ਅਕਾਰੀ ਸਰਕਾਰੀ ਐਮਰਜੈਂਸੀ ਲਈ ਤਿਆਰ ਕੀਤਾ ਜਾ ਰਿਹਾ ਹੈ।

ਹਾਲਾਂਕਿ ਬਹੁਤ ਵੱਡੀ ਤਦਾਦ ਵਿੱਚ ਸੱਤਾ 'ਚ ਬੈਠੇ ਲੋਕ ਉਸ ਐਮਰਜੈਂਸੀ ਨੂੰ ਹੰਢਾਵੇ ਰੂਪ 'ਚ ਜਾਣਦੇ ਹਨ। ਪਰ ਉਹ ਇਤਿਹਾਸ ਦੇ ਨਲਾਇਕ ਵਿਦਿਆਰਥੀ ਦੀ ਤਰਾਂ ਭੁੱਲ ਗਏ ਹਨ ਕਿ ਐਮਰਜੈਂਸੀ ਦਾ ਹਸ਼ਰ ਕੀ ਹੋਇਆ ਸੀ ਜਾਂ ਮੁਨਾਫੇ ਤੇ ਸੱਤਾ ਨੇ ਉਹਨਾਂ ਨੂੰ ਉਸ ਗਧੇ ਵਾਂਗ ਬਣਾ ਦਿੱਤਾ ਹੈ, ਜਿਸਨੂੰ ਮਾਲਕ ਦੋ ਖੋਪੇ ਲਾ ਕੇ ਸਿੱਧੀ ਸੜਕ ਹੀ ਦਿਖਾਉਂਦਾ ਹੈ,ਜਿਸਤੇ ਉਸਨੇ ਉਹਨਾਂ ਨੂੰ ਤੋਰ ਕਿ ਸਿਰਫ ਕਿਰਾਇਆ ਢੋਣਾ ਹੈ।

ਇਸ ਮੌਕੇ ਸਵਾਲ ਉਹਨਾਂ ਤੇ ਵੀ ਹੈ ਜੋ ਇਸ ਆਉਣ ਵਾਲੇ ਵੱਡੇ ਸਿਆਸੀ ਘੋਲ ਤੋਂ ਪਹਿਲਾ ਦੇ ਪਰਦਰਸ਼ਨੀ ਮੈਚਾਂ 'ਚ ਇੱਕ ਦੂਸਰੇ ਦੇ ਸਿਆਸੀ ਤੇ ਜਮਾਤੀ ਵਿਰੋਧੀਆਂ ਦੀ ਪਿੱਠ ਲੱਗਣ ਤੇ ਉੱਚੀ ਹੇਕ 'ਚ ਮਰਸੀਏ ਗਾਉਂਦੇ ਹਨ ਉਹ ਸਭ ਪੀੜੇ ਜਾਣਗੇ, ਜੇ ਇਕੱਠੇ ਨਾ ਹੋਏ। ਲੜਾਈ ਉਹਨੀਂ ਲੰਬੀ, ਪੀੜਾਦਾਇਕ ਤੇ ਔਖੀ ਹੈ। ਜਿਹਨੇਂ ਅਸੀਂ ਦੌਫਾੜ ਹਾਂ। ਸਟੇਟ ਦੇ ਇਹ ਪੈਂਤੜੇ ਸਦੀਵੀ ਫਿੱਟ ਬੈਠੇ ਹਨ ਕਿ ਲੜਦਿਆਂ ਨੂੰ ਭਿੜਨ ਦਿਉ ਤੇ ਆਪਸੀ ਘੋਲ ਖੂਨੀ ਕਰ ਦਿਉ ਤਾਂ ਕਿ ਸਟੇਟ ਅਮਰਵੇਲ ਵਾਂਗ ਸਭ ਨੂੰ ਆਪਣੇ ਕਲਾਵੇ ਵਿੱਚ ਘੁੱਟ ਲਵੇ। ਸੋ ਆਪੋ ਆਪਣੇ ਟੈਗ ਲਾਹ ਕਿ ਸੰਤ ਰਾਮ ਉਦਾਸੀ ਦੇ ਸ਼ਬਦ ਹੀ ਸਾਡਾ ਅਸਲ ਨਿਤਾਰਾ ਨੇ ਜਦੋਂ ਸਾਡਾ ਸਿਰਮੌਰ ਕਵੀ ਕਹਿੰਦਾ ਹੈ ਕਿ

"ਕਿਵੇਂ ਸਾਡੀ ਨਿਭਦੀ ਏ ਨਿੱਕਿਆਂ ਪੜਾਵਾਂ ਨਾਲ,
ਮੰਜ਼ਲਾਂ ਦੇ ਅਸੀਂ ਹਾਂ ਵਰੇ।
ਮੰਜ਼ਲਾਂ 'ਤੇ ਖੜੀ ਸਾਨੂੰ ਜਿੰਦਗੀ ਉਡੀਕਦੀ ਏ,
ਤੁਰੇ ਬਿਨਾ ਕੰਮ ਨਾ ਸਰੇ।"

# ਕਿਸਾਨ ਮਹਾਂ ਪੰਚਾਇਤਾਂ

17 ਫ਼ਰਵਰੀ - ਭੀਖੀ, ਮਾਨਸਾ, ਪੰਜਾਬ

18 ਫ਼ਰਵਰੀ - ਰੇਲ ਰੋਕੋ, ਦੇਸ਼ ਭਰ ਵਿੱਚ, 12-4

18 ਫ਼ਰਵਰੀ - ਰਾਇ ਸਿੰਘ ਨਗਰ, ਸ੍ਰੀ ਗੰਗਾਨਗਰ, ਰਾਜਸਥਾਨ

19 ਫ਼ਰਵਰੀ - ਹਨੂੰਮਾਨਗੜ੍ਹ, ਰਾਜਸਥਾਨ

21 ਫ਼ਰਵਰੀ - ਬਰਨਾਲੇ ਵਿਚ ਕਿਸਾਨ ਮਜ਼ਦੂਰ ਏਕਤਾ ਮਹਾਂ ਰੈਲੀ

23 ਫ਼ਰਵਰੀ - ਸੀਕਰ, ਰਾਜਸਥਾਨ

# "ਕੋਈ ਅਕਲ ਦਾ ਕਰੋ ਇਲਾਜ ਯਾਰੋ" (ਕਿਸਾਨ ਸੰਘਰਸ਼ ਦੇ ਪ੍ਰਸੰਗ' ਚ) ਲੇਖ ਵਿੱਚੋਂ

**ਜਸਪਾਲ ਸਿੰਘ ਸਿੱਧੂ**

ਹਰ ਮਨੁੱਖ ਆਪਣੀ ਮਨੁੱਖੀ ਸਮੂਹਾਂ ਦੀ ਪਹਿਚਾਣ/ਪਛਾਣ ਵਿੱਚ ਹੀ ਮੌਲਦਾ ਅਤੇ ਬਲੰਦੀਆਂ ਸਰ ਕਰਦਾ। ਖੈਰ, ਸਭਿਆਚਾਰਕ ਕਾਮਰੇਡ ਨੇ ਗੈਰ-ਕਾਮਰੇਡ ਵੰਨਗੀਆਂ ਦੇ ਕਿਸਾਨੀ ਲੀਡਰਾਂ ਵਿੱਚੋਂ ਸਾਨੂੰ ਸੰਪੂਰਨਤਾ (Perfection) ਲੱਭਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਕਿਉਂਕਿ ਬੰਦੇ ਦਾ ਵਿਕਾਸ ਅਮਲ ਵਿੱਚੋ ਹੀ ਹੁੰਦਾ ਅਤੇ ਬਹੁਤੀ ਵਾਰੀ ਵਿਕਾਸ ਸਮੇਂ ਦਾ ਹਾਣੀ ਨਹੀਂ ਬਣਦਾ। ਪਰ ਇਸੇ ਗੱਲ ਦੀ ਯਾਦ ਰੱਖਣੀ ਚਾਹੀਦੀ ਹੈ ਕਿ ਤਮਾਮ ਕਮੀਆਂ/ਕਮਜ਼ੋਰੀਆਂ ਦੇ ਬਾਵਜੂਦ ਕਿਸਾਨ ਲੀਡਰਾਂ ਦਾ ਇੰਨਾ ਵੱਡਾ ਕਿਸਾਨੀ ਉਭਾਰ ਉਠਾਉਣ ਵਿੱਚ ਵੱਡਾ ਯੋਗਦਾਨ ਹੈ ਜਿਸਨੇ ਹਿੰਦੂ ਰਾਸ਼ਟਰਵਾਦੀ ਤਾਨਾਸ਼ਾਹੀ ਨਿਜ਼ਾਮ ਨੂੰ ਵਖਤ ਵਿੱਚ ਪਾ ਛੱਡਿਆ। ਦੁਨੀਆਂ ਦੀ ਨੀਓ-ਲਿਬਰਲ ਪੂੰਜੀਵਾਦੀ ਵਿਵਸਥਾ ਜਿਹੜੀ ਮਨੁੱਖ ਨੂੰ ਹਰ ਪੱਧਰ ਉੱਤੇ ਮਨਫੀ ਕਰਦੀ ਹੈ ਦੇ ਵਿਰੁੱਧ ਇਹ ਪਹਿਲੀ ਵੱਡੀ ਲੜ੍ਹਾਈ ਲਾਮਬੰਦ ਹੋਈ ਹੈ। ਇਸੇ ਕਰਕੇ, ਇਸ ਸੰਘਰਸ਼ ਨੂੰ ਸਾਰੀ ਦੁਨੀਆਂ ਵਿੱਚੋਂ ਹਮਾਇਤ ਹਾਸਲ ਹੋਈ ਹੈ।

ਇਹ ਵੀ ਸਚਾਈ ਹੈ ਕਿ ਜੇ ਸੰਘਰਸ਼ ਢਹਿ ਜਾਂਦਾ ਤਾਂ ਕਿਸਾਨੀ ਹਮੇਸ਼ਾ-ਹਮੇਸ਼ਾ ਲਈ ਬਰਬਾਦ ਹੋ ਜਾਵੇਗੀ। ਮੁੜ੍ਹ ਲੜ੍ਹਾਈ ਇਸ ਪੱਧਰ ਦੀ ਖੜ੍ਹੀ ਨਹੀਂ ਹੋ ਸਕੇਗੀ। ਇਮਾਨਦਾਰ ਸਿੱਖ ਬੁਧੀਜੀਵੀਆਂ/ਵਿਚਾਰਵਾਨਾਂ ਨੂੰ ਕਦੇ ਵੀ ਗਰੀਬ ਸਿੱਖ ਕਿਸਾਨੀ ਨੂੰ ਅੱਖ-ਪਰੋਖੇ ਨਹੀਂ ਕਰਨਾ ਚਾਹੀਦੀ ਜਿਸ ਨੇ ਸਿੱਖੀ ਨੂੰ ਮਜ਼ਬੂਤ ਅਧਾਰ ਪ੍ਰਦਾਨ ਕੀਤਾ। ਛੋਟੀ ਸਿੱਖ ਕਿਸਾਨੀ ਨੂੰ ਬਚਾਉਣਾ ਹੀ ਸਿੱਖ ਫਲਸਫੇ/ਗੁਰੂ ਪਰੰਪਰਾਂ ਦੀ ਵੱਡੀ ਸੇਵਾ ਹੈ। ਪਰ ਅਫਸੋਸ ਹੈ, ਸਿੱਖ ਨੌਜਵਾਨਾਂ ਦੀਆਂ ਭਾਵਨਾਵਾਂ ਦਾ ਵਾਸਤੇ ਪਾਉਣ ਵਾਲੇ ਸਿੱਖ ਵਿਚਾਰਵਾਨ ਸਮੇਂ ਦੀ ਜ਼ਰੂਰਤ ਅਨੁਸਾਰ ਕਿਸਾਨੀ ਸੰਘਰਸ਼ ਨਾਲ ਮੋਢੇ ਨਾਲ ਮੋਢਾ ਜੋੜ੍ਹ ਕੇ ਲੜ੍ਹਨ ਵਾਲੀ ਕੋਈ ਇੱਕ ਵੀ ਸਿੱਖ ਜਥੇਬੰਦੀ ਖੜ੍ਹੀ ਨਹੀਂ ਕਰ ਸਕੇ।

ਐਵੇ ਕਿਸਾਨੀਂ ਮੋਰਚੇ ਦੇ ਲੀਡਰਾਂ ਨੂੰ ਕੋਸ਼ਣ, ਬੁਰਾ-ਭਲਾ ਕਹਿਣ ਅਤੇ ਖਾਮੀਆਂ ਉਘੇੜਣ ਦੇ ਕਸ਼ੀਦੇ ਕੱਢਦੇ ਰਹੇ। ਮਾਨਵੀ ਅਹਿਸਾਸ ਅਤੇ ਜਥੇਬੰਦਕ ਪਹੁੰਚ ਅਤੇ ਟਰੇਨਿੰਗ ਤੋਂ ਕੋਰੇ ਕਈ "ਸਿਆਣੇ" ਸਿੱਖ ਈਰਖਾ-ਵਸ ਲੰਗੜ੍ਹੇ ਘੋੜਿਆਂ ਉੱਤੇ ਕਾਠੀਆਂ ਸਜਾਉਦੇ ਰਹੇ। ਕਈ 'ਨਾ ਖੇਡਾ ਨਾ ਖੇਡਣ ਦੇਣਾ' ਵਾਲੀ ਸ਼ਰੀਕਪੁਣੇ ਦੀ ਭੂਮਿਕਾ ਨਿਭਾਉਂਦੇ ਰਾਜਸੱਤਾ ਦੇ ਭੁਖਿਆਂ ਨੂੰ 'ਨਾਇਕ' ਹੋਣ ਦੇ ਰੁਤਬੇ ਬਖਸ਼ਦੇ ਰਹੇ। ਅਜਿਹੀ ਖੇਡਾਂ ਵਿੱਚੋਂ ਕੁਝ ਨਹੀਂ ਨਿਕਲਿਆ ਕਿਉਂਕਿ "ਆਪ ਮਰੇ ਬਗੈਰ ਸੁਰਗ (ਸਵਰਗ)" ਵਿੱਚ ਨਹੀਂ ਜਾਇਆ ਜਾਂਦਾ।

ਦਰਅਸਲ ਕਿਸਾਨੀ ਮੋਰਚੇ ਦੇ ਪਿਛਲੇ ਸਤੰਬਰ-ਅਕਤੂਬਰ ਵਿੱਚ ਉਭਰਣ ਸਮੇਂ ਤੋ ਹੀ ਕਈ ਪਾਤਰ 'ਸਿੱਖੀ ਕਾਰਡ' ਵਰਤੇ ਕੇ ਸਿਆਸੀ ਮਿਲਾਈ ਖਾਣ ਲਈ ਸਰਗਰਮ ਹੋ ਗਏ ਸਨ। ਅਜਿਹੇ ਪਾਤਰਾਂ ਦੀ ਬਾਂਹ ਫੜ੍ਹਨ ਲਈ/ਜਾਂ ਸਿੰਗਾਰਨ ਲਈ ਵਿਦੇਸ਼ੀ "ਪੰਨੂ" ਤਿਆਰ-ਬਰ-ਤਿਆਰ ਬੈਠੇ ਸਨ। ਖੁਦ ਪੰਜਾਬ ਦੇ ਸਿੱਖ ਫੈਸਲਾ ਕਰਨ ਕਿ ਵਿਦੇਸ਼ੀ "ਪੰਨੂਆਂ" ਵੱਲੋਂ ਐਲਾਨੀ "ਫਰੌਤੀ" ਉਹਨਾਂ ਦਾ ਮਾਨ-ਸਨਮਾਨ ਵਧਾਉਂਦੀ ਹੈ ਜਾਂ ਫਿਰ ਉਹਨਾਂ ਨੂੰ "ਭਾੜੇ ਦੇ ਸਿਪਾਹੀ" (Mercenaries) ਪੇਸ਼ ਕਰਦੀ ਹੈ। ਇਸ "ਫਰੌਤੀ ਸਿਆਸਤ" ਨੂੰ ਕਿਉਂ ਲਗਾਤਾਰ ਕਾਇਮ ਰੱਖਿਆ ਜਾ ਰਿਹਾ ਅਤੇ ਕੌਣ ਇਸ ਦੇ ਪਿੱਛੇ ਹੈ? ਆਪਣੀ ਲੜ੍ਹਾਈ ਧਰਤੀ-ਪੁੱਤਰ ਖੁੱਦ ਹੀ ਲੜ੍ਹਦੇ ਹੁੰਦੇ ਹਨ। ਬਾਹਰਲਿਆਂ ਦੇ ਢਹੇ ਚੜ੍ਹੇ ਪੰਜਾਬ ਨੇ ਲੰਬਾ ਸੰਤਾਪ ਹੰਢਾਇਆ। ਬਾਹਰਲੀ ਮਾਇਆ ਨੇ ਤਾਂ 'ਤਲੀ ਉੱਤੇ ਸਿੱਰ ਧਰੀ' ਫਿਰਦੇ ਯੋਧਿਆਂ ਦੀ ਧੁਰ-ਆਤਮਾ ਵਿੱਚ ਵੀ ਸੁਰਾਖ ਕਰ ਦਿੱਤੇ ਸਨ। ਲੋਕ ਪੱਖੀ ਸਹੀ ਸਿਆਸਤ ਹਮੇਸ਼ਾਂ ਆਪਣੀ ਜ਼ਮੀਨ ਵਿੱਚੋਂ ਹੀ ਫੁੱਟਦੀ ਹੈ। ਆਪਣੇ ਹਾਲਾਤਾਂ ਨੂੰ ਹੰਢਾਉਦੇ ਲੋਕ-ਖੁਦ ਆਪ ਲੜਿਆ ਕਰਦੇ ਹਨ। ਸਿੱਖ ਗੁਰੂਆਂ ਨੇ ਇਸੇ ਧਰਤੀ ਦੇ ਲਤਾੜ੍ਹੇ ਗਏ ਅਤੇ ਸਦੀਆਂ ਤੋਂ ਗੀਦੀ ਹੋਏ ਲੋਕਾਂ ਨੂੰ ਜ਼ਾਬਰਾ ਵਿਰੁੱਧ ਲੜਾਇਆ ਸੀ।

ਪ੍ਰਚਾਰਹਿਤ, ਕਿਸਾਨ ਲੀਡਰ ਭਾਵੇਂ ਮੌਜੂਦਾ ਸੰਘਰਸ਼ ਨੂੰ ਗੈਰਸਿਆਸੀ ਕਹੀ ਜਾਣ ਪਰ ਹਰ ਦੇਸ਼ ਵਿੱਚ ਕਿਸਾਨੀ ਸੰਘਰਸ਼ ਹਮੇਸ਼ਾ ਸਿੱਧੇ/ ਅਸਿੱਧੇ ਤੌਰ ਉੱਤੇ ਰਾਜਨੀਤਿਕ ਲੜ੍ਹਾਈਆਂ ਹੀ ਹੋ ਨਿਬੜ੍ਹੇ ਹਨ। ਕਿਸਾਨੀ ਸੰਘਰਸ਼ ਨੂੰ ਗੈਰ-ਰਾਜਨੀਤਿਕ ਅਤੇ ਸ਼ਾਂਤਮਈ ਰੱਖਣਾ/ ਪੇਸ਼ ਕਰਨਾ ਮੌਕੇ ਦੀ ਵੱਡੀ ਜ਼ਰੂਰਤ ਹੈ। ਲੋਕ ਅੰਦੋਲਨ ਬਣਿਆ ਅੱਜ ਦਾ ਕਿਸਾਨੀ ਘੋਲ ਪਹਿਲਿਆਂ ਦੇ ਮੁਕਾਬਲੇ ਵਿੱਚ ਵੱਡੀਆਂ ਸਿਆਸੀ ਤਬਦੀਲੀਆ ਦਾ ਸੂਚਕ ਹੈ। ਇਸ ਕਰਕੇ, ਸਿੱਖ ਵਿਚਾਰਵਾਨਾਂ ਨੂੰ ਚਾਹੀਦਾ ਹੈ ਕਿ ਉਹ ਸੰਘਰਸ਼ ਨੂੰ ਮਜ਼ਬੂਤ ਕਰਨ ਵਿੱਚ ਆਪਣਾ ਰੋਲ ਨਿਭਾਉਣ ਅਤੇ ਲੋਕ-ਪੱਖੀ ਜ਼ਮਹੂਰੀਅਤ ਨੂੰ ਤਕੜ੍ਹਾ ਕਰਨ ਵਿੱਚ ਹਿੱਸਾ ਪਾਉਣ।

# ਜਵਾਬ

**ਸੁਖਦੀਪ ਸਿੰਘ ਖਹਿਰਾ**

ਕੰਮ ਤੋਂ ਘਰ ਆਉਂਦਿਆਂ ਹੀ ਵਹੁਟੀ ਨੂੰ ਬੈਗ ਫੜਾਉਣ ਲੱਗਾ ਤਾਂ ਕਹਿੰਦੀ ਕੇ ਬਾਪੂ ਜੀ ਸਵੇਰ ਦਾ ਤੁਹਾਡੇ ਬਾਰੇ ਪੁੱਛ ਰਹੇ ਸੀ, ਸ਼ਾਇਦ ਕੋਈ ਜ਼ਰੂਰੀ ਗੱਲ ਕਰਨੀ ਆ। ਬਾਪੂ ਜੀ ਕੋਲ ਗਿਆ ਤਾਂ ਕਹਿੰਦੇ ਕੇ ਪੁੱਤ ਪਿੰਡੋਂ ਅੱਜ ਦਿੱਲੀਧਰਨੇ ਲਈ ਟਰਾਲੀ ਜਾ ਰਹੀ ਆ, ਤੂੰ ਵੀ ਉਹਨਾਂ ਨਾਲ ਈ ਚਲਾ ਜਾ। ਮੈਂ ਇੱਕਦਮ ਹੈਰਾਨ ਹੁੰਦੇ ਨੇ ਪੁੱਛਿਆ ਕੇ ਬਾਪੂ ਜੀ ਅੱਜ ਅਚਾਨਕ ਏ ਖਿਆਲ ਕਿਵੇਂ? ਕਹਿੰਦੇਕਿ ਤੂੰ ਮੈਨੂੰ ਕਿੰਨੀ ਵਾਰ ਪੁੱਛਿਆ ਕਿ ਜਦ 84 ਵੇਲੇ ਸਾਰੇ ਜਣੇ ਹਰਿਮੰਦਰ ਸਾਹਿਬ ਜਾ ਰਹੇ ਸੀ ਤੇ ਤੁਸੀ ਕਿਉਂ ਨਹੀਂ ਗਏ? ਮੇਰੇ ਕੋਲ ਤੇਰੀ ਇਸ ਗੱਲ ਦਾ ਕੋਈਜਵਾਬ ਨਹੀਂ ਹੁੰਦਾ ਕਿਉਂਕਿ ਮੈਂ ਪਰਿਵਾਰ ਬਾਰੇ ਸੋਚਦਾ ਰਿਹਾ, ਕੌਮ ਬਾਰੇ ਨਹੀਂ।

ਮੈਂ ਨਹੀਂ ਚੁਹੰਦਾ ਕੇ ਕੱਲ ਨੂੰ ਤੇਰਾ ਪੁੱਤ ਪੁੱਛੇ ਕੇ ਡੈਡੀ ਜੀ ਜਦ 2020 ਵਿੱਚ ਸਾਰੇਦਿੱਲੀ ਧਰਨੇ ਚ ਹਿੱਸਾ ਪਾਉਣ ਗਏ ਸੀ ਤਾਂ ਤੁਸੀ ਉਦੋਂ ਕਿਥੇ ਸੀ ਤੇ ਤੇਰੇ ਕੋਲ ਵੀ ਮੇਰੇ ਵਾਂਗੂ ਕੋਈ ਜਵਾਬ ਨਾ ਹੋਵੇ। ਬਾਪੂ ਜੀ ਦੀ ਗੱਲ ਸੁਣਦਿਆਂ ਈ ਮੈਂ ਨਾਲਦੀ ਨੂੰਇਕ ਹਫਤੇ ਦੇ ਕੱਪੜੇ ਪੈਕ ਕਰਨ ਨੂੰ ਕਹਿ ਦਿੱਤਾ।ਤੁਰਨ ਲੱਗਿਆਂ ਮੈਨੂੰ 2000 ਦਾ ਨੋਟ ਫੜਾਉਂਦੇ ਹੋਏ ਬਾਪੂ ਜੀ ਕਹਿੰਦੇ ਕੇ ਮੇਰੇ ਵੱਲੋਂ ਕਿਸੇ ਵੀ ਲੰਗਰ ਵਿੱਚ ਬਣਦਾਸਰਦਾ ਹਿੱਸਾ ਪਾ ਦੇਵੀਂ। ਨੋਟ ਫੜ੍ਹਦਿਆਂ ਹੋਇਆਂ ਮੈਂ ਸੋਚ ਰਿਹਾ ਸੀ ਕਿ ਧੰਨ ਐ ਸਾਡੀ ਕੌਮ ਤੇ ਧੰਨ ਨੇ ਸਾਡੀ ਕੌਮ ਦੇ ਸਾਰੇ ਪਿਤਾ ਜੋ ਨਤੀਜਿਆਂ ਦੀ ਪਰਵਾਹ ਕੀਤੇਬਿਨਾਂ ਆਪ ਦੀ ਔਲਾਦ ਨੂੰ ਕੌਮ ਦੇ ਭਲੇ ਲਈ ਤੋਰਦਿਆਂ ਦੇਰ ਨਹੀਂ ਲਾਉਂਦੇ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਕਾਨੂੰਨੀ ਸਹਾਇਤਾ

ਮੋਰਚੇ ਦੀ ਕਾਨੂੰਨੀ ਟੀਮ ਗ੍ਰਿਫ਼ਤਾਰ ਕਿਸਾਨਾਂ ਨੂੰ ਮਿਲੀ, ਸਾਰੇ ਚੜ੍ਹਦੀ ਕਲਾ ਵਿਚ ਹਨ। 10 ਜਣਿਆਂ ਨੂੰ ਜ਼ਮਾਨਤ ਮਿਲ ਗਈ ਹੈ। ਬਾਕੀ ਦੇ 112 ਕਿਸਾਨ ਵੱਖ ਵੱਖ ਜ਼ੇਲ੍ਹਾਂ ਵਿਚ ਕੈਦ ਹਨ। ਉਹਨਾਂ ਦੀ ਮਾਲੀ ਮਦਦ ਜੇਲ੍ਹ ਵਿਚ ਜਮਾਂ ਕਰ ਦਿੱਤੀ ਗਈ ਹੈ। ਸਾਰਿਆਂ ਦੀਆਂ ਧਾਰਾਵਾਂ ਮੁਤਾਬਿਕ ਜ਼ਮਾਨਤ ਅਰਜ਼ੀ ਦਿੱਤੀ ਜਾਵੇਗੀ। 16 ਕਿਸਾਨ ਹਲੇ ਵੀ ਲਾਪਤਾ ਹਨ ਅਤੇ ਉਹਨਾਂ ਦੀ ਭਾਲ ਜਾਰੀ ਹੈ। ਵੱਖਰੇ ਵੱਖਰੇ ਕੇਸਾਂ ਵਿਚ 150 ਦੇ ਕਰੀਬ ਵਕੀਲ ਕਿਸਾਨਾਂ ਦੇ ਵਕਾਲਤ ਕਰਨਗੇ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 4 ਵਕੀਲ ਵੀ ਮੋਰਚੇ ਦੀ ਕਾਨੂੰਨੀ ਟੀਮ ਦਾ ਹਿੱਸਾ ਹਨ।

ਪੁਲਿਸ ਨੇ ਕਈ ਕਿਸਾਨਾਂ ਨੂੰ ਨੋਟਿਸ ਭੇਜੇ ਹਨ। ਜੋ ਲੋਕ ਸਿੱਧੇ ਪੁਲਿਸ ਕੋਲ ਚਲੇ ਗਏ ਉਹਨਾਂ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ। ਇਹ ਕਿਸਾਨਾਂ ਨੂੰ ਡਰਾਉਣ ਦੀਆਂ ਚਾਲਾਂ ਹਨ। ਮੋਰਚੇ ਵੱਲੋਂ ਅਪੀਲ ਹੈ ਕਿ ਅਜਿਹੇ ਨੋਟਿਸ ਦੇ ਸੰਬੰਧ ਵਿਚ ਆਪਣੀ ਜਥੇਬੰਦੀ ਰਾਹੀਂ ਜਾਂ ਸਿੱਧਾ ਸੰਯੁਕਤ ਕਿਸਾਨ ਮੋਰਚੇ ਦੀ ਕਾਨੂੰਨੀ ਟੀਮ ਨੂੰ ਸੰਪਰਕ ਕੀਤਾ ਜਾਵੇ ਅਤੇ ਵਕੀਲ ਦੀ ਸਲਾਹ ਤੋਂ ਬਿਨਾਂ ਕੋਈ ਕਦਮ ਨਾ ਚੁੱਕਿਆ ਜਾਵੇ।

ਕਾਨੂੰਨੀ ਸਹਾਇਤਾ ਟੀਮ ਦੇ ਨੰਬਰ ਹੇਠ ਲਿਖੇ ਹਨ:

ਵੀਰ ਸਿੰਘ ਸੰਧੂ - 8447466012
ਜਸਦੀਪ ਸਿੰਘ ਢਿੱਲੋਂ - 9910499840
ਕਪਿਲ ਮਾਦਾਨ - 9971305252

# ਯੁੱਧਿਆਜੀਵੀ ਤੋਂ ਅੰਦੋਲਨਜੀਵੀ ਤੱਕ: ਪਾਣਿਨੀ ਅਤੇ ਮੋਦੀ

**ਜਤਿੰਦਰ ਮੌਹਰ**

ਛੇਵੀਂ ਸਦੀ ਈਸਾ ਪੂਰਵ ਵਿੱਚ ਸੰਸਕ੍ਰਿਤ ਦੇ ਵਿਦਵਾਨ ਪਾਣਿਨੀ ਨੇ ਪੰਜਾਬ ਦੇ ਕੁਝ ਕਬੀਲਿਆਂ ਦੀ ਸਾਂਝੀ ਜਥੇਬੰਦੀ ਨੂੰ 'ਯੁੱਧਿਆਜੀਵੀ ਸੰਘ' ਕਿਹਾ ਸੀ। ਪੰਜਾਬ (ਸਿੰਧ ਤੋਂ ਜਮਨਾ ਤੱਕ ਦੇ ਖਿੱਤੇ) ਵਿੱਚ ਖੁਦਮੁਖਤਿਆਰ ਕਬੀਲਿਆਂ ਦੀ ਲੰਬੀ ਰਵਾਇਤ ਰਹੀ ਹੈ। ਜਿਨ੍ਹਾਂ ਦਾ ਸਿਧਾਂਤ ਜਮਹੂਰੀਅਤ ਅਤੇ ਬਰਾਬਰੀ ਉੱਤੇ ਟਿਕਿਆ ਹੋਇਆ ਸੀ। ਵਪਾਰੀਆਂ, ਕਾਰੀਗਰਾਂ ਅਤੇ ਹੋਰ ਕਿੱਤਿਆਂ ਦੇ ਲੋਕਾਂ ਦੇ ਆਜ਼ਾਦ ਸੰਘ ਹੁੰਦੇ ਸਨ। ਪੰਜਾਬ ਦੇ ਖੁਦਮੁਖਤਿਆਰ ਕਬੀਲੇ ਅਤੇ ਸੰਘ ਵਿਦੇਸ਼ੀ ਧਾੜਵੀਆਂ ਅਤੇ ਕੇਂਦਰੀ ਸਾਮਰਾਜਾਂ ਦੀ ਲੁੱਟ ਦੇ ਖ਼ਿਲਾਫ਼ ਜੂਝਦੇ ਰਹੇ। ਪ੍ਰਧਾਨ ਮੰਤਰੀ ਮੋਦੀ ਨੇ ਕਿਸਾਨਾਂ ਨੂੰ ਜਥੇਬੰਦ ਕਰਨ ਵਾਲਿਆਂ ਨੂੰ 'ਅੰਦੋਲਨਜੀਵੀ' ਕਿਹਾ ਹੈ। ਮੌਜੂਦਾ 'ਅੰਦੋਲਨਜੀਵੀ' ਵੀ ਦੇਸੀ-ਵਿਦੇਸ਼ੀ ਲੁਟੇਰਿਆਂ ਦੇ ਖ਼ਿਲਾਫ਼ ਡਟੇ ਹੋਏ ਹਨ। ਲੋਕਾਂ ਨੇ ਆਪਣਾ ਕਿਰਦਾਰ ਕਾਇਮ ਰੱਖਿਆ ਹੈ।

ਆਰੀ ਆਰੀ ਆਰੀ
ਵਿੱਚ ਜਗਰਾਵਾਂ ਦੇ
ਹੋਈ ਹੱਕ ਦੀ ਰੌਸ਼ਨੀ ਭਾਰੀ
ਅੱਥਰੇ ਸਾਨ੍ਹਾਂ ਨੇ
ਧਾੜ ਖੇਤਾਂ 'ਤੇ ਮਾਰੀ
ਚੋਬਰਾਂ ਨੇ ਲੱਕ ਬੰਨ੍ਹ ਲੇ
ਕਰਦੇ ਲੋਕ ਤਿਆਰੀ
ਰੋਕਿਆਂ ਨਾ ਹੁਣ ਰੁਕਦੇ
ਜਦੋਂ ਜਿੰਦ ਨੂੰ ਮਾਮਲੇ ਭਾਰੀ
ਧਨੇਰ ਤੋਂ ਮਨਜੀਤ ਚੜ੍ਹਿਆ
ਜੀਹਤੇ ਚੱਲਗੇ ਮੁਕੱਦਮੇ ਚਾਲੀ
ਦੇਖ ਆਉਂਦਾ ਡੱਲੇਆਲੀਆ
ਵਾਂਗ ਨਦੀਆਂ ਦੇ ਵਗਦੀ ਦਾੜ੍ਹੀ
ਹੱਥ ਹਿੱਲੇ ਰਾਜੇਆਲ ਦਾ
ਸੱਤਾ ਫਿਰਦੀ ਦਲੀਲੋਂ ਹਾਰੀ
ਰੁਲਦੂ ਮਾਨਸੇ ਦਾ
ਡਾਂਗ ਰੱਖਦਾ ਕੋਕਿਆਂ ਵਾਲੀ
ਢੁੱਡੀਕਿਆਂ ਦੇ ਨਿਰਭੈ ਨੇ
ਲਾਈ ਉਮਰ ਘੋਲਾਂ ਵਿੱਚ ਸਾਰੀ
ਬਾਈ ਉਗਰਾਹਾਂ ਨੇ
ਕਥਾ ਲੁੱਟ ਦੀ ਸੁਣਾ ਤੀ ਸਾਰੀ
ਲੋਟੂਆਂ ਦਾ ਰਾਹ ਮੱਲਿਆ
ਜਦ ਪਿੜ ਵਿੱਚ ਆਗੀ ਨਾਰੀ
ਦੁਨੀਆਂ 'ਤੇ ਗੱਲ ਚੱਲਦੀ
'ਕੱਠ ਜੁੜਿਆ ਜਗਤ ਤੋਂ ਭਾਰੀ
ਕਾਮਿਆਂ ਦੀ ਸੱਥ ਜੁੜਗੀ
ਬੜਕ ਪੰਜਾਬ ਨੇ ਮਾਰੀ
ਜਨਤਾ ਮੋੜ ਦਊ
ਤੇਰੇ ਵਾਰ ਨੀ ਹਕੂਮਤੇ ਭਾਰੀ
ਜਨਤਾ ਮੋੜ ਦਊ ...



एक आदमी रोटी बेलता है
एक आदमी रोटी खाता है
एक तीसरा आदमी भी है
जो न रोटी बेलता है, न रोटी खाता है
वह सिर्फ़ रोटी से खेलता है
मैं पूछता हूँ - ‘यह तीसरा आदमी कौन है ?’
मेरे देश की संसद मौन है।

धूमिल